# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਸ਼ਹੀਦ ਭਾਈ ਫ਼ੌਜਾ ਸਿੰਘ ਜੀ, ਅੰਮ੍ਰਿਤਸਰ



ਵੈਸਾਖੀ ੧੯੭੮
ਦੇ
ਖ਼ੂਨੀ ਸਾਕੇ ਦਾ

## ਸ਼ਹੀਦੀ ਅੰਕ


ਮਈ ੧੯੭੮

May 1978

ਇਹ ਪਰਚਾ ਮੁੱਲ ਡੇਢ ਰੁਪਿਆ

www.AKJ.Org

## ਸ਼ਹੀਦ ਭਾਈ ਅਮਰੀਕ ਸਿੰਘ ਜੀ, ਖੁਜਾਲਾ



ਚਾਰ ਸੌ ਸਾਲਾ ਅੰਮ੍ਰਿਤਸਰ ਸਥਾਪਨਾ ਦਿਵਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾ ਲੈ ਰਹੇ ਹਨ।



## ਸ਼ਹੀਦ ਭਾਈ ਹਰੀ ਸਿੰਘ ਜੀ, ਅੰਮ੍ਰਿਤਸਰ

www.AKJ.Org

## ਤਤਕਰਾ


| | | |
|---|---|---|
| ਆਤਮ-ਤਰੰਗੀ ਮਰ-ਜੀਵੜਿਆਂ ਦੀ ਸ਼ਹੀਦੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੪ |
| ਖ਼ਤਰੇ ਦੀ ਘੰਟੀ | 'ਸੂਰਾ' ਪਰਵਾਰ | ੫ |
| ਭਾਈ ਅਵਤਾਰ ਸਿੰਘ ਜੀ ਕੁਰਾਲਾ (ਜੀਵਨ) | — — — | ੮ |
| ਵੈਸਾਖੀ ਦਾ ਖ਼ੂਨੀ ਕਾਂਡ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੯ |
| ਸ਼ਹੀਦ ਭਾਈ ਰਘਬੀਰ ਸਿੰਘ ਜੀ ਭਗੂਪੁਰ (ਜੀਵਨ) | ਭਾਈ ਕਿਰਪਾਲ ਸਿੰਘ ਜੀ | ੧੦ |
| ਸ਼ਹੀਦ ਭਾਈ ਕੇਵਲ ਸਿੰਘ ਜੀ ਹੁਸ਼ਿਆਰਪੁਰ (ਜੀਵਨ) | ਭਾਈ ਹਰਮਿੰਦਰ ਸਿੰਘ ਜੀ | ੧੪ |
| ਸ੍ਰੀ ਅੰਮ੍ਰਿਤਸਰ ਦੇ ਸ਼ਹੀਦ (ਕਵਿਤਾ) | ਸ: ਪਿਆਰਾ ਸਿੰਘ ਜੀ ਨਿਰਛਲ | ੧੬ |
| ਸ਼ਹੀਦ ਭਾਈ ਪਿਆਰਾ ਸਿੰਘ ਜੀ ਭੁੰਗਰਨੀ (ਜੀਵਨ) | — — — | ੧੭ |
| ਸ਼ਹੀਦ ਗਿ: ਹਰੀ ਸਿੰਘ ਜੀ, ਸ੍ਰੀ ਅੰਮ੍ਰਿਤਸਰ (ਜੀਵਨ) | ਭਾਈ ਜਸਬੀਰ ਸਿੰਘ ਜੀ | ੧੮ |
| ਸ਼ਹੀਦ ਭਾਈ ਫ਼ੌਜਾ ਸਿੰਘ ਜੀ, ਅੰਮ੍ਰਿਤਸਰ (ਜੀਵਨ) | ਪ੍ਰੋ: ਗੁਰਮੁਖ ਸਿੰਘ ਜੀ | ੨੧ |
| | ਬੀਬੀ ਹਰਸ਼ਰਨ ਕੌਰ ਜੀ | ੨੭ |
| ਖਾਲਸੇ ਨੂੰ ਵੰਗਾਰ (ਕਵਿਤਾ) | ਸ: ਕਰਤਾਰ ਸਿੰਘ ਜੀ ਕੌਮੀ | ੨੮ |
| ਸ਼ਹੀਦ ਭਾਈ ਹਰਭਜਨ ਸਿੰਘ ਜੀ ਭੱਟੀਆਂ (ਜੀਵਨ) | ਭਾ: ਬਲਦੇਵ ਸਿੰਘ ਜੀ B.A.,L L.B. | ੨੯ |
| ਸ਼ਹੀਦ ਜਥੇਦਾਰ ਅਮਰੀਕ ਸਿੰਘ ਜੀ ਖੁਜਾਲਾ (ਜੀਵਨ) | ਗਿਆਨੀ ਜਸਵੰਤ ਸਿੰਘ | ੩੩ |
| ਸ਼ਹੀਦ ਭਾਈ ਗੁਰਦਿਆਲ ਸਿੰਘ ਜੀ ਮੋਦੇ (ਜੀਵਨ) | " " " | ੩੬ |
| ਸ਼ਹੀਦ ਭਾਈ ਗੁਰਚਰਨ ਸਿੰਘ ਜੀ ਲੁਧਿਆਣਾ (ਜੀਵਨ) | — — — | ੩੭ |
| ਸ਼ਹੀਦ ਭਾਈ ਧਰਮਬੀਰ ਸਿੰਘ ਜੀ ਅੰਮ੍ਰਿਤਸਰ (ਜੀਵਨ) | — — — | ੩੯ |
| ਸ਼ਹੀਦ ਜਥੇਦਾਰ ਰਣਬੀਰ ਸਿੰਘ ਜੀ ਫ਼ੌਜੀ, ਮਹਿਤਾ (ਜੀਵਨ) | ਭਾਈ ਸਾਹਿਬ ਅਮਰੀਕ ਸਿੰਘ ਜੀ | ੪੧ |
| ਸ਼ਹੀਦ ਬਾਬਾ ਦਰਸ਼ਨ ਸਿੰਘ ਜੀ, ਮਹਿਤਾ (ਜੀਵਨ) | — — — | ੪੨ |
| ਨਕਲੀ ਨਿਰੰਕਾਰੀ ਆਗੂ ਝੂਠ ਦਾ ਪਲੰਦਾ ਹੈ | — — — | ੪੩ |
| ਵੈਸਾਖੀ ਦੇ ਖ਼ੂਨੀ ਸਾਕੇ ਦੇ ਫਟੜ | — — — | ੪੪ |
| ਮੂਹ ਕਾਲੇ ਤਿਨ ਨਿੰਦਕਾਂ | ਸ: ਉਂਕਾਰ ਸਿੰਘ ਜੀ ਗਿਲ M. A. | ੪੫ |
| ਸ਼ਹੀਦੀ ਸਾਕੇ ਬਾਰੇ ਪੁਜੇ ਨਿਖੇਧੀ ਦੇ ਮਤੇ | — — — | ੪੯ |
| ਖ਼ੂਨੀ ਸਾਕੇ ਸਬੰਧੀ ਚੋਣਵੀਆਂ ਖ਼ਬਰਾਂ | — — — | ੫੧ |
| ਖ਼ਾਲਸਾ ਪੰਥ ਸਬੰਧੀ ਸਾਡੀਆਂ ਜ਼ਿਮੇਵਾਰੀਆਂ | ਅਮਰੀਕਨ ਖ਼ਾਲਸੇ ਵਲੋਂ ਹਲੂਣਾ | ੫੩ |


## ਸ਼ਹੀਦੀ ਅੰਕ ਦਾ ਮੁਖ ਵਿਸ਼ਾ

ਇਸ "ਸ਼ਹੀਦੀ ਅੰਕ" ਵਿਚ ਵੈਸਾਖੀ ਵਾਲੇ ਦਿਨ ਸ਼ਹੀਦ ਹੋਏ ੧੩ ਸਿੰਘਾਂ ਦੇ ਜੀਵਨ ਵਿਸ਼ੇਸ਼ ਤੌਰ ਤੇ ਦਿਤੇ ਜਾ ਰਹੇ ਹਨ ਅਤੇ ਸ਼ਹੀਦੀ ਸਮੇਂ ਦੀਆਂ ਤਸਵੀਰਾਂ ਤੇ ਜੀਊਂਦੇ-ਜੀਅ ਦੀਆਂ ਪਹਿਲੀਆਂ ਤਸਵੀਰਾਂ ਜੋ ਮਿਲ ਸਕੀਆਂ ਹਨ, ਦਿਤੀਆਂ ਗਈਆਂ ਹਨ। ਇਨ੍ਹਾਂ ਜੀਵਨਾਂ ਤੇ ਤਸਵੀਰਾਂ ਨੂੰ ਪ੍ਰਾਪਤ ਕਰਨ ਵਾਸਤੇ ਸਿੰਘਾਂ ਨੂੰ ਕਾਫੀ ਨੱਠ-ਭੱਜ ਤੇ ਮਿਹਨਤ ਕਰਨੀ ਪਈ ਹੈ। ਸਿੰਘਾਂ ਦੇ ਜੀਵਨਾਂ ਬਾਰੇ ਜੋ ਕੁਝ ਹੋਰ ਪਾਪਤ ਹੁੰਦਾ ਰਹੇਗਾ, ਉਹ ਆਉਂਦੇ ਪਰਚਿਆਂ ਵਿਚ ਦਿੰਦੇ ਰਹਾਂਗੇ।


ਹੇਮਕੁੰਡ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧੫.੫.੭੮ ਨੂੰ ਪ੍ਰਕਾਸ਼ਤ ਕੀਤਾ। ਟੈਲੀਫ਼ੋਨ ਨੰਬਰ 51847



www.AKJ.Org

# ਆਤਮ-ਤਰੰਗੀ ਮਰਜੀਵੜਿਆਂ ਦੀ ਸ਼ਹੀਦੀ

[ਵਲੋਂ--ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ (ਗੁਰੂ-ਘਰ) ਦੀ ਬੇਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ। ਅਤੇ ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨਿਕ ਪ੍ਰਕਾਰੀ ਘਾਲਣਾ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂਦੀਆਂ ਹਨ, ਕਿਉਂਕਿ ਉਹ ਗੁਰਮਤਿ ਭੈ ਦੀ ਕਮਾਈ ਦਵਾਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ ਅਤੇ ਇਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ ਜਾਨ ਉਪਰ ਦੀ ਖੇਡ ਜਾਣਾ। ਇਕ ਆਤਮ-ਅਨੰਦੀ ਅਵੱਸਥਾ ਵਿਚ ਅਰੂੜ ਹੋ ਕੇ ਜੋ ਕੁੜ ਭੀ ਉਹ ਆਪਣੇ ਗੁਰ-ਅਸਥਾਨਾਂ (ਗੁਰੂ ਘਰ) ਦੀ ਰਛਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ, ਕੋਈ ਹੈਂਕੜ ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ, ਕਿਸੇ ਨੂੰ ਭੈ ਦੇਣ ਅਤੇ ਭੈ ਦਿਖਾਉਣ ਹਿਤ ਨਹੀਂ ਹੁੰਦਾ। ਪਰੰਤੂ ਅਭੈ ਪਦ ਅੰਦਰ ਅਰੂੜ ਹੋਣ ਕਰਕੇ ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਵਿਡਾਣੀ ਈਨ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨਾਂ (ਗੁਰੂ ਘਰ) ਨਮਿਤ ਮਰ ਮਿਟਣ ਵਾਲੀ ਨਿਰਭੈ ਬਿਵਸਥਾ ਤੋਂ ਟਲਦੇ ਹਨ। ਗੁਰੂ ਦੁਆਰੇ ਸਾਹਿਬਾਨ ਅਤੇ ਗੁਰੂ ਘਰ ਦੇ ਸ਼ਹੀਦ ਅਸਥਾਨਾਂ ਦੀ ਸ਼ਾਨ, ਇੱਜ਼ਤ ਅਬਰੂ ਕਾਇਮ ਦਾਇਮ ਰਖਣ ਲਈ ਤਨ ਤਨ ਧਨ ਦਾ ਹੋਮ ਦੇਣਾ ਉਨ੍ਹਾਂ ਦੀ ਇਕ ਸਹਿਜ-ਸੁਭਾਵੀ ਆਤਮ-ਖੇਡ ਹੈ।

['ਗੁਰਮਤਿ ਬਿਬੇਕ' ਵਿਚੋਂ ਧੰਨਵਾਦ ਸਹਿਤ

---

# ਡਰਬੀ ਇੰਗਲੈਂਡ ਵਿਖੇ ਸ਼ਹੀਦਾਂ ਨਮਿਤ ਰੈਣ ਸਬਾਈ ਕੀਰਤਨ

੨੭ ਮਈ ੧੯੭੮ ਸ਼ਨੀਵਾਰ ਨੂੰ ਸਿਖ ਟੈਂਪਲ ਰਾਮਗੜ੍ਹੀਆ ਬੋਰਡ, 14 ਸਟਰੀਟ, ਜੇਮਜ਼ ਰੋਡ, ਡਰਬੀ off Peartree Rly ਯੂ. ਕੇ. ਵਿਖੇ ਸ਼ਹੀਦ ਸਿੰਘਾਂ ਤੇ ਪੰਥਕ ਏਕਤਾ ਲਈ ਅਰਦਾਸ ਵਿਚ ਜੁੜਨ ਲਈ ੭ ਵਜੇ ਸ਼ਾਮ ਨੂੰ ਰੈਣ ਸਬਾਈ ਕੀਰਤਨ ਅਰੰਭ ਹੋ ਰਹੇ ਹਨ, ਜਿਸ ਵਿਚ ਸਰਬ ਯੂ. ਕੇ. ਅਖੰਡ ਕੀਰਤਨੀ ਜੱਥਾ, ਅਮਰੀਕਨ ਸਿੰਘ ਸਿੰਘਣੀਆਂ ਦਾ ਜੱਥਾ ਅਤੇ ਭਾਈ ਸਾਹਿਬ ਅਮੋਲਕ ਸਿੰਘ ਜੀ ਦਾ ਕੀਰਤਨੀ ਜੱਥਾ ਭਾਗ ਲੈ ਰਹੇ ਹਨ। ਸਮੂਹ ਸੰਗਤਾਂ ਠੀਕ ਵਕਤ ਸਿਰ ਪੁਜ ਕੇ ਸ਼ਹੀਦ ਸਿੰਘਾਂ ਲਈ ਆਪਣੀ ਸ਼ਰਧਾ ਅਰਪਣ ਕਰਨ। ਪੁੱਛ ਗਿਛ—ਸ: ਜਗਤਾਰ ਸਿੰਘ ਮੁੰਡਰਾ Tel. 44641 ਡਰਬੀ

---

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਅਣਡਿਠੀ ਦੁਨੀਆ | ੬-੨੫ | ਰੰਗਲੇ ਸਜਣ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮੀਤ ਸਚ ਨਿਰਣੈ | ੬-੦੦ | ਗੁਰਮਤਿ ਲੇਖ | ੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ ੪-੫੦, | ੬-੫੦ | ਗੁਰਮਤਿ ਪ੍ਰਕਾਸ਼ | ੫-੦੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਅੰਮ੍ਰਿਤ ਕੀ ਹੈ | ੨-੦੦ |
| ਗੁਰਮਤਿ ਰਮਜ਼ਾਂ | ੬-੦੦ | ਅੰਮ੍ਰਿਤ ਕਲਾ | ੦-੪੦ |
| ਸਿੰਘਾਂ ਦਾ ਪੰਥ ਨਿਰਾਲਾ | ੦-੫੦ | ਸਿਖ ਕੌਣ ਹੈ | ੦-੩੦ |
| ਚਰਨ ਕਮਲ ਕੀ ਮਉਜ | ੦-੫੦ | ਸੱਚੀਆਂ ਦਾੜ੍ਹੀਆਂ | ੦-੩੦ |
| ਗੁਰਬਾਣੀ ਦੀ ਪਾਰਸ ਕਲਾ | ੦-੪੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ? | ੦-੨੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤਿ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

| | |
|---|---|
| ਸਾਲਾਨਾ ਚੰਦਾ | ੮-੦੦ |
| ਇਕ ਪਰਚਾ | ੦-੭੫ |
| ਪਰਦੇਸ | |
| ਸਮੁੰਦਰੀ ਡਾਕ | ੧੮-੫੦ |
| ਹਵਾਈ ਡਾਕ | |
| ਅਰਬ, ਮਲਾਇਆ | ੩੫-੦੦ |
| ਯੂ. ਕੇ., ਅਫ਼ਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ਮਈ ੧੯੭੮ ਅੰਕ ੫


## ਖ਼ਤਰੇ ਦੀ ਘੰਟੀ

'ਸੂਰਾ' ਦੇ ਪਿਛਲੇ ੨੦-੪-੭੮ ਦੇ ਅੰਕ ਵਿਚ ੧੩ ਅਪ੍ਰੈਲ ੧੯੭੮ ਨੂੰ ਵੈਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਚ ਵਰਤੇ ਖ਼ੂਨੀ ਸਾਕੇ ਬਾਰੇ ਵਿਸਥਾਰ ਪੂਰਬਕ ਸੂਚਨਾ ਦਿਤੀ ਗਈ ਸੀ। ਸਿਖ ਪੰਥ ਦੇ ਇਤਿਹਾਸ ਵਿਚ ਇਹ ਇਕ ਵਡੀ ਘਟਨਾ ਵਾਪਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੱਚੇ ਸਾਦਿਕਾਂ ਨੇ ਹਜ਼ੂਰ ਪਾਤਸ਼ਾਹ ਦੇ ਅਦਬ ਸਤਿਕਾਰ ਨੂੰ ਕਾਇਮ ਰਖਣ ਲਈ ਖਿੜੇ ਮੱਥੇ ਸ਼ਹੀਦੀ ਦਾ ਜਾਮ ਪੀ ਕੇ ਜਿਥੇ ਆਪਣੇ ਆਪ ਨੂੰ ਅਮਰ ਕਰ ਲਿਆ ਹੈ ਉਥੇ ਉਹਨਾਂ ਨੇ ਸੁਖ-ਅਰਾਮ ਅਤੇ ਖੁਦਗਰਜ਼ੀ ਵਿਚ ਫਸੀ ਅਤੇ ਸਿਖ ਜਜ਼ਬੇ ਤੋਂ ਵਿਰਵੀ ਹੁੰਦੀ ਜਾ ਰਹੀ ਸਿਖ ਕੌਮ ਨੂੰ ਇਕ ਵੱਡਾ ਹਲੂਣਾ ਦੇ ਕੇ ਜਗਾਇਆ ਹੈ ਅਤੇ ਉਸ ਖ਼ਤਰੇ ਤੋਂ ਖ਼ਬਰਦਾਰ ਕੀਤਾ ਹੈ ਜੋ ਸਿਖ ਧਰਮ ਦਾ ਸਫ਼ਾਇਆ ਕਰਨ ਲਈ ਜਵਾਰਭਾਟੇ ਵਾਂਗ ਤੇਜ਼ੀ ਨਾਲ ਵਧਦਾ ਆ ਰਿਹਾ ਹੈ।

ਸਿਖੀ ਨੂੰ ਘਰੋਂ ਤੇ ਬਾਹਰੋਂ ਦੋਹਾਂ ਪਾਸਿਆਂ ਤੋਂ ਤਕੜੀ ਢਾਹ ਲਗੀ ਹੋਈ ਹੈ। ਸਾਡੀ ਮੌਜੂਦਾ ਨੌਜਵਾਨ ਪੀੜ੍ਹੀ ਧਾਰਮਿਕ ਭਾਵਨਾ ਅਤੇ ਸਿਖੀ ਰਹੁ-ਰੀਤ ਤੋਂ ਕੇਵਲ ਬੇਖ਼ਬਰ ਹੀ ਨਹੀਂ, ਸਗੋਂ ਸਿਖੀ ਅਸੂਲਾਂ ਤੋਂ ਆਕੀ ਹੁੰਦੀ ਜਾ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵੀਹਵੀਂ ਸਦੀ ਦੇ ਪਦਾਰਥਵਾਦ ਦੇ ਮਾਰੂ ਭਾਂਬੜ, ਸੰਸਾਰ ਦੇ ਬਾਕੀ ਧਰਮਾਂ ਦੀ ਨੌਜਵਾਨ ਪੀੜ੍ਹੀ ਨੂੰ ਵੀ ਆਪਣੀ ਲਪੇਟ ਵਿਚ ਲਈ ਬੈਠੇ ਹਨ, ਪਰ ਸਿਖ ਕੌਮ ਨੂੰ ਇਹ ਖ਼ਤਰਾ ਵਧੇਰੇ ਹੈ, ਕਿਉਂਕਿ ਫ਼ੈਸ਼ਨ ਪ੍ਰਸਤੀ ਅਧੀਨ ਪਤਿਤਾਈ (ਦਾੜ੍ਹੀ ਕੇਸ ਕਤਲ ਕਰਵਾਉਣ) ਦੀ ਲਹਿਰ ਅਤੇ ਨਸ਼ੇ ਵਰਤਣ ਦੀ ਲਹਿਰ ਪੂਰੇ ਜ਼ੋਰਾਂ ਵਿਚ ਹੈ। ਇਸ ਲਈ ਬੱਚੇ ਵੀ ਭਾਵੇਂ ਜ਼ਿਮੇਵਾਰ ਹਨ ਪਰ ਇਸ ਜ਼ਿਮੇਵਾਰੀ ਤੋਂ ਉਹਨਾਂ ਦੇ ਮਾਪੇ, ਸਿਖ ਕੌਮ ਦੇ ਲੀਡਰ ਅਤੇ ਸਮੁੱਚਾ ਸਿਖ ਸਮਾਜ ਵੀ ਬਰੀ ਨਹੀਂ ਹੋ ਸਕਦਾ। ਅਸੀਂ ਸਾਰੇ ਲਾ-ਪਰਵਾਹੀ ਦੀ ਨੀਂਦ ਵਿਚ ਘੂਕ ਸੁੱਤੇ ਪਏ ਹਾਂ। ਹੁਣ ਪਾਣੀ ਸਾਡੇ

www.AKJ.Org

ਸਿਰੋਂ ਲੰਘ ਤੁਰਿਆ ਹੈ, ਪਰ ਅਸਾਂ ਆਪਣੇ ਬਚੱਾ ਦਾ ਕੋਈ ਉਪ੍ਰਾਲਾ ਨਹੀਂ ਕੀਤਾ। ਦੂਜੇ ਪਾਸੇ ਸਿਖ ਧਰਮ ਦੀਆਂ ਨੀਂਹਾਂ ਖੋਖਲੀਆਂ ਕਰਨ ਲਈ ਦੇਹਧਾਰੀ ਅਖੌਤੀ ਗੁਰੂਆਂ ਦੀ ਭਰਮਾਰ ਪੈ ਗਈ ਹੈ। ਸਭ ਤੋਂ ਵੱਡਾ ਖ਼ਤਰਾ ਨਕਲੀ ਨਿਰੰਕਾਰੀਆਂ ਕੋਲੋਂ ਹੈ, ਜੋ ਧਰਮ ਦੇ ਪੜਦੇ ਵਿਚ ਦੁਰਾਚਾਰ ਤੇ ਭ੍ਰਿਸ਼ਟਾਚਾਰ ਫੈਲਾ ਰਹੇ ਹਨ ਅਤੇ ਇਕ ਆਚਰਨਹੀਣ ਸਮਾਜ ਦੀ ਸਿਰਜਨਾ ਕਰ ਰਹੇ ਹਨ। ਇਸ ਦੁਰਾਚਾਰੀ ਮੱਤ ਤੋਂ ਖ਼ਤਰਾ ਤਾਂ ਸਾਰੇ ਧਰਮਾਂ ਨੂੰ ਹੈ, ਕਿਉਂ ਜੁ ਨਕਲੀ ਨਿਰੰਕਾਰੀਆਂ ਦੀ ਅਖੌਤੀ ਧਰਮ ਪੁਸਤਕ 'ਅਵਤਾਰ ਬਾਣੀ' ਅਤੇ ਹੋਰ ਸਾਹਿੱਤ ਵਿਚ ਸਾਰੇ ਧਰਮਾਂ ਦੀ ਨਿੰਦਿਆ ਤੇ ਨਿਖੇਧੀ ਕੀਤੀ ਹੋਈ ਹੈ, ਪਰ ਸਿਖ ਧਰਮ ਨੂੰ ਵਿਸ਼ੇਸ਼ ਖ਼ਤਰਾ ਹੈ ਕਿਉਂਕਿ ਨਕਲੀ ਨਿਰੰਕਾਰੀਆਂ ਦਾ ਆਗੂ ਦਾੜ੍ਹੀ ਕੇਸਾਂ ਵਾਲਾ ਹੈ ਤੇ ਬਾਹਰੋਂ ਸਿਖ ਜਾਪਦਾ ਹੈ ਤੇ ਇਹ ਕੁਟਲ ਬੰਦਾ ਆਪਣੇ ਪਰਚਾਰ ਵਿਚ ਗੁਰਬਾਣੀ ਦਾ ਚੋਗਾ ਖਿਲਾਰ ਕੇ ਭੋਲੀ ਭਾਲੀ ਜਨਤਾ ਨੂੰ ਆਪਣੇ ਭਰਮ-ਜਾਲ ਵਿਚ ਫਸਾਉਣ ਦਾ ਕੋਝਾ ਢੰਗ ਵਰਤਦਾ ਹੈ। ਇਸ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ।

ਧਰਮ–

ਈਸ਼ਵਰ-ਵਾਦੀ ਅਤੇ ਸਤਿਆਵਾਦੀ ਹੋਣਾ ਧਰਮੀ ਹੋਣ ਦੇ ਲੱਛਣ ਹਨ। ਅਕਾਲ ਪੁਰਖ ਦੀ ਹੋਂਦ ਤੇ ਵਿਸ਼ਵਾਸ ਰਖ ਕੇ, ਉਸ ਦਾ ਨਾਮ ਜਪ ਕੇ, ਉਸ ਦੇ ਦੈਵੀ ਗੁਣਾਂ ਨੂੰ ਜੀਵਨ ਵਿਚ ਧਾਰਨ ਕਰ ਕੇ ਸੱਚਾ ਅਤੇ ਨਿਰਮਲ ਜੀਵਨ ਜੀਉਣ ਦਾ ਨਾਮ ਧਰਮ ਹੈ। ਗੁਰਵਾਕ–

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
[ਗਉੜੀ ਸੁਖਮਨੀ ਮ: ੫

ਭਾਰਤੀ ਸਾਰੇ ਧਰਮ ਇਸ ਵਿਚਾਰਧਾਰਾ ਦੇ ਹਾਮੀ ਹਨ, ਸਿਵਾਏ ਵਾਮ-ਮਾਰਗੀਆਂ ਅਤੇ ਉਨ੍ਹਾਂ ਦੇ ਪ੍ਰਚਲਤ ਰੂਪ "ਨਕਲੀ ਨਿਰੰਕਾਰੀ" ਮੱਤ ਦੇ।

ਨਕਲੀ ਨਿਰੰਕਾਰੀ ਧਰਮ–

(ੳ) ਪਿਛੋਕੜ–ਨਕਲੀ ਨਿਰੰਕਾਰੀ ਮੱਤ ਨਾਲ 'ਧਰਮ' ਸ਼ਬਦ ਨੂੰ ਜੋੜਨਾ, ਇਸ ਪਵਿਤਰ ਸ਼ਬਦ ਦੀ ਨਿਰਾਦਰੀ ਹੈ। ਨਕਲੀ ਨਿਰੰਕਾਰੀ ਮੱਤ ਦਾ ਸੰਚਾਲਕ ਬੂਟਾ ਸਿੰਘ ਇਕ ਵਡਾ ਸ਼ਰਾਬੀ ਕਬਾਬੀ ਵਿਅਕਤੀ ਸੀ। ਸਤਸੰਗ-ਮੰਡਲਾਂ ਵਿਚ ਸ਼ਰਾਬ ਦੇ ਨਸ਼ੇ ਵਿਚ ਬਦਮਸਤ ਹੋ ਕੇ ਬੋਲ-ਬਕਾਰੇ ਕਰਨ ਦੇ ਅਪਰਾਧ ਕਾਰਨ ਇਸ ਨੂੰ ਬਾਬਾ ਦਿਆਲ ਜੀ ਦੇ "ਨਿਰੰਕਾਰੀ ਦਰਬਾਰ ਰਾਵਲਪਿੰਡੀ" ਵਲੋਂ ਛੇਕਿਆ ਤੇ ਦੁਰਕਾਰਿਆ ਗਿਆ ਸੀ। ਸੋ ਇਹ ਬੂਟਾ ਸਿੰਘ ਰਾਵਲਪਿੰਡੀ ਛੱਡ ਕੇ ਪਿਸ਼ਾਵਰ ਆ ਗਿਆ ਅਤੇ ਇਕ ਡਬਲ-ਰੋਟੀਆਂ ਵੇਚਣ ਵਾਲੇ ਆਪਣੇ ਵਰਗੇ ਸ਼ਰਾਬੀ ਕਬਾਬੀ ਅਵਤਾਰ ਸਿੰਘ ਨਾਲ ਮਿਲ ਕੇ ਇਸ ਨੇ ਆਪਣਾ ਇਕ ਅਡਰਾ ਫ਼ਿਰਕਾ ਬਣਾ ਲਿਆ, ਜਿਸ ਦੀ ਵਾਗ-ਡੋਰ ਇਸ ਵੇਲੇ ਗੁਰਬਚਨ ਸਿੰਘ ਦੇ ਹੱਥ ਹੈ।

(ਅ) ਰੂਪ-ਰੇਖਾ–

ਨਕਲੀ ਨਿਰੰਕਾਰੀ ਮੱਤ ਅਨੁਸਾਰ ਮਨੁਖੀ ਸਰੀਰ ਦੁਆਰਾ ਕੀਤੇ ਕੰਮਾਂ ਦਾ ਮਨੁੱਖੀ ਮਨ ਜਾਂ ਆਤਮਾ ਉਤੇ ਕੋਈ ਅਸਰ ਨਹੀਂ ਹੁੰਦਾ। ਇਸ ਮਨੌਤ ਅਧੀਨ ਕੋਈ ਜੋ ਜੀਅ ਆਵੇ ਕਰੇ, ਉਸ ਦਾ ਸਾਰਾ ਕੁਝ ਮਾਫ਼ ਹੈ, ਬਸ਼ਰਤੇ ਕਿ ਉਹ ਇਸ ਮੱਤ ਦੇ ਕਿਸੇ ਪ੍ਰਚਾਰਕ ਕੋਲੋਂ ਗਿਆਨ ਪ੍ਰਾਪਤ ਕਰ ਲਵੇ। ਇਸ ਦਾ ਭਾਵ ਇਹ ਨਿਕਲਿਆ ਕਿ ਨਕਲੀ ਨਿਰੰਕਾਰੀ ਮੱਤ ਦਾ ਅਖੌਤੀ ਗਿਆਨ ਹਰ ਕਿਸਮ ਦੇ ਕੁਕਰਮ ਕਰਨ ਦਾ ਲਾਇਸੈਂਸ ਹੈ। ਇਸ ਮੱਤ ਦੀ ਸੰਖਿਆ ਦੇ ਵਾਧੇ ਦਾ ਇਹੀ ਵਡਾ ਕਾਰਨ ਹੈ।

ਹੱਥਾਂ ਦੀਆਂ ਤਲੀਆਂ ਵਿਚ
ਨਿਰੰਕਾਰ ਦੇ ਦਰਸ਼ਨਾਂ ਦਾ ਢੋਂਗ–

ਇਸ ਨਕਲੀ ਨਿਰੰਕਾਰੀ ਮੱਤ ਦਾ ਗਿਆਨ ਵੀ, ਇਕ ਛਲ-ਨਾਟਕ ਤੇ ਮਦਾਰੀ ਦਾ 'ਚੁਰਲ ਮੰਤਰ' ਹੈ। ਹੱਥ ਦੀ ਇਕ ਤਲੀ ਨੂੰ ਜ਼ਮੀਨ ਅਤੇ ਦੂਜੀ ਨੂੰ ਅਕਾਸ਼ ਬਣਾ ਕੇ ਵਿਚਕਾਰਲੇ ਖ਼ਲਾਅ ਨੂੰ ਅੱਖਾਂ ਦੇ ਇਸ਼ਾਰੇ ਨਾਲ ਵਿਖਾ ਕੇ ਡਰਾਮਾ ਕਰਨ ਨੂੰ ਨਿਰੰਕਾਰ ਦੇ ਦਰਸ਼ਨ ਕਰਾਉਣੇ ਆਖਦੇ ਹਨ। ਭੋਲੀ ਭਾਲੀ ਜਨਤਾ ਨੂੰ ਨਿਰੰਕਾਰੀ ਦਰਸ਼ਨਾਂ ਦਾ ਝਾਂਸਾ ਦੇ ਕੇ ਆਪਣੇ ਕ਼ਰਮ-ਜਾਲ ਵਿਚ ਫਸਾਉਣ ਦਾ ਇਹ ਦੂਜਾ ਵਡਾ ਸਾਧਨ ਹੈ।

www.AKJ.Org

## ਸਾਰੇ ਧਰਮਾਂ ਅਤੇ ਧਰਮ-ਅਵਤਾਰਾਂ ਦੀ ਨਿਰਾਦਰੀ

ਨਕਲੀ ਨਿਰੰਕਾਰੀਆਂ ਦਾ ਆਪਣਾ ਕੋਈ ਧਰਮ ਕਰਮ ਨਹੀਂ। ਇਨ੍ਹਾਂ ਦਾ ਆਗੂ ਆਪਣੇ ਆਪ ਨੂੰ ਸਾਰੇ ਭਾਰਤੀ ਅਤੇ ਗ਼ੈਰ-ਭਾਰਤੀ ਧਰਮਾਂ ਦੇ ਅਵਤਾਰਾਂ ਪੈਗੰਬਰਾਂ ਅਤੇ ਗੁਰੂਆਂ ਤੋਂ ਵਡਾ ਅਵਤਾਰ ਹੋਣ ਦਾ ਦਾਅਵਾ ਬੰਨ੍ਹਦਾ ਹੈ। ਇਨ੍ਹਾਂ ਦੀ ਧਰਮ-ਪੁਸਤਕ 'ਅਵਤਾਰ-ਬਾਣੀ' ਵਿਚ ਸਾਰੇ ਧਰਮਾਂ ਦੀ ਨਿਖੇਧੀ ਅਤੇ ਨਿੰਦਿਆ ਕੀਤੀ ਹੋਈ ਹੈ।

ਸਿਖ ਜਨਤਾ ਨੂੰ ਚਿੜਾਉਣ ਲਈ ਇਸ ਨੇ ਅਤੇ ਇਸ ਦੇ ਮੂੰਹ-ਜ਼ੋਰ ਨਾਪਾਕ ਚੇਲਿਆਂ ਨੇ ਕਈ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ "ਕਾਗਜ਼ਾਂ ਦਾ ਪਲੰਦਾ" ਆਖਣ ਦੀ ਹਮਾਕਤ ਕੀਤੀ ਹੈ। ਇਸ ਨੇ ਆਪਣੇ ਗ਼ਲੀਜ਼ ਚੇਲਿਆਂ ਨੂੰ 'ਭਾਈ ਲਾਲੋ', 'ਬਾਬਾ ਬੁੱਢਾ' ਆਦਿ ਖ਼ਿਤਾਬ ਦਿਤੇ ਹੋਏ ਹਨ। ਏਸ ਤਰ੍ਹਾਂ ਇਸ ਨੇ ਸਿਖ ਜਨਤਾ ਦੇ ਜਜ਼ਬਾਤ ਤੇ ਕਾਫ਼ੀ ਸੱਟ ਮਾਰੀ ਹੈ।

## ਢੋਲ ਦਾ ਪੋਲ–

ਇਹ ਨਕਲੀ ਨਿਰੰਕਾਰੀ ਆਪਣੇ ਮੱਤ ਨੂੰ ਸਾਰੇ ਧਰਮਾਂ ਦਾ ਸਾਂਝਾ ਮੱਤ ਦਸਦੇ ਹਨ ਅਤੇ ਬਾਹਰੋਂ ਇਨ੍ਹਾਂ ਨੇ ਮਾਨਵ-ਏਕਤਾ ਦਾ ਚੋਲਾ ਪਾਇਆ ਹੋਇਆ ਹੈ। ਅੰਦਰਖ਼ਾਨੇ ਇਹ ਸਾਰੇ ਧਰਮਾਂ ਦੀਆਂ ਜੜ੍ਹਾਂ ਵਢ ਰਿਹਾ ਹੈ ਅਤੇ ਆਚਰਨ-ਹੀਣ ਸਮਾਜ ਦੀ ਸਿਰਜਨਾ ਕਰ ਰਿਹਾ ਹੈ। ਇਸ ਮੱਤ ਦੇ ਅਖੌਤੀ ਨਿਰੰਕਾਰੀ ਭਵਨ ਅਸਲ ਵਿਚ ਦੁਰਾਚਾਰ ਤੇ ਭ੍ਰਿਸ਼ਟਾਚਾਰ ਦੇ ਅੱਡੇ ਹਨ।

## ਪ੍ਰਾਈਵੇਟ ਫ਼ੌਜ ਦੀ ਸਿਰਜਨਾ–

ਆਪਣੀਆਂ ਅਤੇ ਆਪਣੇ ਖ਼ਰੂਦੀ ਟੋਲੇ ਦੀਆਂ ਕਾਨੂੰਨ ਵਿਰੁਧ ਗ਼ਲਤਕਾਰੀਆਂ ਦੇ ਗ਼ਲਤ ਨਤੀਜਿਆਂ ਤੋਂ ਇਹ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਭਲੀ ਪਰਕਾਰ ਜਾਣੂ ਹੈ। ਆਪਣੇ ਗ਼ੈਰ-ਕਾਨੂੰਨੀ ਟੋਲੇ ਦੀ ਸੁਰੱਖਿਆ ਲਈ ਅਤੇ ਸਾਊ ਜਨਤਾ ਉਤੇ ਦਬਦਬਾ ਜਮਾਉਣ ਲਈ ਇਸ ਨੇ ਆਪਣੀ ਪ੍ਰਾਈਵੇਟ ਬਾਕਾਇਦਾ ਫ਼ੌਜ ਬਣਾਈ ਹੋਈ ਹੈ, ਜਿਸ ਦਾ ਚੀਫ਼ ਆਰਗੇਨਾਈਜ਼ਰ, ਕਮਾਂਡਰ ਇਨ ਚੀਫ਼, ਕਈ ਕਮਾਂਡਰ ਅਤੇ ਯੂਨਿਟਾਂ ਹਨ। ਇਨ੍ਹਾਂ ਪਾਸ ਬੇ-ਬਹਾ ਨਾਜਾਇਜ਼ ਅਸਲਾ ਹੈ। ਇਸ ਸੰਸਥਾ ਵਲੋਂ ਖੁਲ੍ਹਮ ਖੁਲ੍ਹਾ ਅਜਿਹਾ ਕੀਤਾ ਜਾਣਾ ਹਰ ਸਰਕਾਰ ਲਈ ਖ਼ਤਰੇ ਤੋਂ ਖ਼ਾਲੀ ਨਹੀਂ ਹੈ।

ਧਾਰਮਕ ਰੁਚੀ ਰਖਣ ਵਾਲਾ, ਈਸ਼ਵਰ, ਅੱਲਾ, ਵਾਹਿਗੁਰੂ ਵਿਚ ਵਿਸ਼ਵਾਸ ਰਖਣ ਵਾਲਾ ਕੋਈ ਭਲਾ ਪੁਰਸ਼ ਇਸ ਧਰਮ ਦੇ ਪਰਪੰਚ ਹੇਠ ਕੁਧਰਮ ਫੈਲਾਉਣ ਵਾਲੀ ਸੰਸਥਾ ਦਾ ਹਮਾਇਤੀ ਨਹੀਂ ਹੋ ਸਕਦਾ। ਅਤੇ ਕੋਈ ਭੀ ਸਰਕਾਰ ਜੋ ਮੁਲਕ ਵਿਚ ਅਮਨ ਕਾਇਮ ਰਖਣਾ ਚਾਹੁੰਦੀ ਹੋਵੇ, ਅਜਿਹੇ ਅੰਦਰਖ਼ਾਨੇ ਬਾਕਾਇਦਾ ਹਥਿਆਰਬੰਦ ਪ੍ਰਾਈਵੇਟ ਫ਼ੌਜਾਂ ਖੜੀਆਂ ਕਰਨ ਵਾਲੇ ਟੋਲੇ ਨੂੰ ਵਧਣ ਫੁਲਣ ਤੇ ਦੇਸ਼ ਵਿਚ ਬਦ-ਅਮਨੀ ਫੈਲਾਉਣ ਦੀ ਖੁਲ੍ਹੀ ਛੁਟੀ ਨਹੀਂ ਦੇ ਸਕਦੀ।

ਜੋ ਲੋਗ ਇਨ੍ਹਾਂ ਦੇ ਮੱਤ ਨੂੰ ਧਰਮ ਸਮਝ ਕੇ ਇਨ੍ਹਾਂ ਦੀ ਹਮਾਇਤ ਕਰਦੇ ਹਨ ਉਹ ਧਰਮ ਨਾਲ ਦੁਸ਼ਮਣੀ ਕਰ ਰਹੇ ਹਨ ਅਤੇ ਜੇ ਸਰਕਾਰ ਇਨ੍ਹਾਂ ਨਾਲ ਹੁਣ ਐਸ ਨਾਜ਼ਕ ਸਮੇਂ ਨਰਮੀ ਦਾ ਸਲੂਕ ਕਰੇਗੀ ਤਾਂ ਪੱਕ ਜਾਣੋ ਕਿ ਇਹ ਹਥਿਆਰਾਂ ਨਾਲ ਲੈਸ ਪੂਰੀ ਤਰ੍ਹਾਂ ਬਾਕਾਇਦਾ ਟ੍ਰੇਂਡ ਟੋਲਾ ਕਦੀ ਡਾਕੂ ਮਾਨ ਸਿੰਘ ਵਰਗੇ ਅਤੇ ਅਨੰਦ-ਮਾਰਗੀਆਂ ਵਰਗਿਆਂ ਟੋਲਿਆਂ ਨਾਲੋਂ ਹਜ਼ਾਰ ਗੁਣਾ ਵਧ ਬਦ-ਅਮਨੀ ਫੈਲਾਏਗਾ, ਜਿਸ ਦਾ ਪਸਚਾਤਾਪ ਜਨਤਾ ਤੇ ਸਰਕਾਰ ਨੂੰ ਅਵੱਸ਼ ਕਰਨਾ ਪਏਗਾ। ਖ਼ਾਲਸਾ ਤਾਂ ਇਨ੍ਹਾਂ ਤੋਂ ਹੁਣ ਭੀ ਨਹੀਂ ਘਬਰਾਉਂਦਾ ਅਤੇ ਅਗੇ ਲਈ ਤਾਂ ਇਨ੍ਹਾਂ ਨੇ ਜੋ ਆਪਣੀ ਅਸਲੀਅਤ ਅੰਮ੍ਰਿਤਸਰ ਜੀ ਵਿਖੇ ਵਿਖਾਈ ਹੈ, ਉਸ ਨੂੰ ਸਾਹਮਣੇ ਰਖਦੇ ਹੋਏ ਹਮੇਸ਼ਾ ਹੀ ਇਨ੍ਹਾਂ ਤੋਂ ਚੋਕੰਨਾ ਤੇ ਤਿਆਰ ਹੀ ਰਹੇਗਾ।

ਹੁਣ ਸਿੰਘਾਂ ਨੇ ਆਪਣੀ ਸ਼ਹੀਦੀ ਦੇ ਕੇ ਖ਼ਤਰੇ ਦੀ ਘੰਟੀ ਖੜਕਾ ਦਿਤੀ ਹੈ। ਜੇ ਕੌਮ ਅਜੇ ਵੀ ਖ਼ਬਰਦਾਰ ਨਾ ਹੋਈ ਅਤੇ ਵੇਲਾ ਨਾ ਸੰਭਾਲਿਆ ਤਾਂ ਖੁਆਰੀ ਯਕੀਨਨ ਸਾਹਮਣੇ ਹੈ।

ਖਾਲਸਾ ਜੀ ! ਸਮਾਂ ਕਿਸੇ ਨੂੰ ਕੋਸਣ ਜਾਂ ਜ਼ਿਮੇਵਾਰੀ ਕਿਸੇ ਤੇ ਸੱਟਣ ਦਾ ਨਹੀਂ, ਸੰਭਲਣ ਤੇ ਤਤਪਰ ਹੋਣ ਦਾ ਹੈ। ਉਠੋ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਝੰਡੇ ਥਲੇ ਇਕ-ਮੁਠ ਹੋ ਜਾਓ !!

www.AKJ.Org

# ਸ਼ਹੀਦ ਭਾਈ ਅਵਤਾਰ ਸਿੰਘ ਜੀ, ਕੁਰਾਲਾ

ਆਪ ਜੀ ਦਾ ਜਨਮ ੧੯੧੨ ਵਿਚ ਪਿੰਡ ਕੁਰਾਲਾ ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ। ਮਾਤਾ ਦਾ ਨਾਂ ਧੰਨ ਕੌਰ ਅਤੇ ਪਿਤਾ ਦਾ ਨਾਂ ਸ: ਭਗਵਾਨ ਸਿੰਘ ਸੀ। ਮੁਢਲੀ ਵਿਦਿਆ ਆਪ ਨੇ ਪ੍ਰਾਇਮਰੀ ਸਕੂਲ ਮੂਲਕ ਕਲਾਂ ਵਿਖੇ ਪ੍ਰਾਪਤ ਕੀਤੀ। ਇਨ੍ਹਾਂ ਦੇ ਪਿਤਾ ਫ਼ੌਜ ਵਿਚ ਨੌਕਰ ਸਨ। ਉਨ੍ਹਾਂ ਨੂੰ ਬਹਾਦਰੀ ਕਾਰਨ ਚਕ ਨੰਬਰ ੪ ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਵਿਖੇ ਮੁਰੱਬੇ ਇਨੈਂਮ ਵਜੋਂ ਮਿਲੇ, ਜਿਸ ਕਰਕੇ ਸਾਰਾ ਪਰਵਾਰ ਮਿੰਟਗੁਮਰੀ ਦੀ ਬਾਰ ਵਿਚ ਚਲਾ ਗਿਆ। ਆਪ ਨੇ ਦਸਵੀਂ ਤਕ ਵਿਦਿਆ ਉਥੇ ਹੀ ਪ੍ਰਾਪਤ ਕੀਤੀ ਅਤੇ ਆਪ ਜੀ ਦਾ ਅਨੰਦ ਕਾਰਜ ਬੀਬੀ ਗੁਰਬਚਨ ਕੌਰ ਨਾਲ ਹੋਇਆ। ਪਾਕਿਸਤਾਨ ਬਣਨ ਤਕ ਆਪ ਉਥੇ ਹੀ ਖੇਤੀ ਬਾੜੀ ਦਾ ਕੰਮ ਕਰਦੇ ਰਹੇ।

ਪੰਜਾਬ ਦਾ ਬਟਵਾਰਾ ਹੋ ਜਾਣ ਕਾਰਨ ਆਪ ਨੂੰ ਵਾਪਸ ਆਪਣੇ ਪੁਰਾਣੇ ਨਗਰ ਕੁਰਾਲਾ ਵਿਖੇ ਆਉਣਾ ਪਿਆ ਅਤੇ ਉਥੇ ਖੇਤੀ ਬਾੜੀ ਦਾ ਕੰਮ ਕਰਦੇ ਰਹੇ।

ਇਥੇ ਆਪ ਜੀ ਦਾ ਮੇਲ ਭਾਈ ਹਰਨਾਮ ਸਿੰਘ ਪ੍ਰੀਤਮ ਸਿੰਘ ਜੀ ਦਸੂਆ ਵਾਲਿਆਂ ਨਾਲ ਹੋਇਆ, ਜਿਨ੍ਹਾਂ ਦੀ ਸੰਗਤ ਨਾਲ ਆਪ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਗੁਰਮਤਿ-ਪੁਸਤਕਾਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਇਨ੍ਹਾਂ ਪੁਸਤਕਾਂ ਦੇ ਪੜ੍ਹਨ ਨਾਲ ਇਨ੍ਹਾਂ ਦੇ ਸਧਾਰਨ ਸਿਖੀ ਜੀਵਨ ਵਿਚ ਇਕ ਨਵਾਂ ਪਲਟਾ ਆਇਆ ਅਤੇ ਇਨ੍ਹਾਂ ਦੇ ਮਨ ਵਿਚ ਅੰਮ੍ਰਿਤ ਛਕ ਕੇ ਗੁਰਮਤਿ ਰਹਿਤ ਰਹਿਣੀ ਵਿਚ ਤਿਆਰ ਬਰ ਤਿਆਰ ਹੋ ਕੇ ਨਾਮ ਸਿਮਰਨ ਦੀ ਕਮਾਈ ਕਰਨ ਦੀ ਤੀਬਰ ਇੱਛਾ ਉਤਪੰਨ ਹੋਈ। ਇਸੇ ਲਗਨ ਵਿਚ ਗੁਰਸਿਖ ਸੰਗਤਾਂ ਦੇ ਸੰਗ-ਸਾਥ ਤਲਵਾੜਾ, ਦਸੂਹਾ ਅਤੇ ਹੋਰ ਆਸ ਪਾਸ ਦੇ ਗੁਰਮਤਿ ਸਮਾਗਮ' ਵਿਚ ਵਿਚਰਦੇ ਰਹੇ। ਅਤੇ ਮਾਡਲ ਟਾਊਨ ਲੁਧਿਆਣਾ ਵਿਖੇ ਪੁਜ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਪਿਆਰ-ਅਸੀਸ ਲਈਆਂ।

ਆਖ਼ਰਕਾਰ ੧੩ ਅਪ੍ਰੈਲ ੧੯੬੧ ਵੈਸਾਖੀ ਸਮਾਗਮ ਲੁਧਿਆਣਾ ਵਿਖੇ ਸਿੰਘਣੀ ਸਮੇਤ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ ਅਤੇ ਪੂਰਨ ਵੈਰਾਗੀ ਤਿਆਗੀ ਦਸ਼ਾ ਵਿਚ ਵਿਚਰਨ ਲਗ ਪਏ। ਜਿਥੇ ਆਪ ਨੇ ਖ਼ਾਲਸਈ ਬਾਣਾ ਧਾਰਨ ਕੀਤਾ, ਉਥੇ ਨਾਲ ਹੀ ਸਰਬਲੋਹ ਬਿਬੇਕ ਦੀ ਬਿਖਮ ਘਾਲ ਧਾਰਨ ਕਰ ਲਈ, ਜਿਸ ਨੂੰ ਆਯੂ ਪਰਯੰਤ ਤੋੜ ਨਿਭਾਇਆ। ਇਨ੍ਹਾਂ ਦੀ ਉਚੀ ਸੁਚੀ ਰਹਿਤ ਰਹਿਣੀ ਨੂੰ ਵੇਖ ਕੇ ਕਈਆਂ ਹੋਰਨਾਂ ਨੇ ਪ੍ਰੇਰਨਾ ਲਈ ਅਤੇ ਪਰਵਾਰਾਂ ਸਮੇਤ ਅੰਮ੍ਰਿਤ ਪਾਨ ਕੀਤਾ।

ਆਪ ਜੀ ਅਖੰਡ ਕੀਰਤਨੀ ਜੱਥੇ ਨਾਲ ਅਜਿਹੇ ਮਿਲੇ ਕਿ ਹਰ ਥਾਂ ਕੀਰਤਨ-ਸਮਾਗਮਾਂ ਵਿਚ ਪੁਜ ਕੇ ਕੀਰਤਨ ਤੇ ਨਾਮ ਬਾਣੀ ਦੇ ਅਨੰਦ ਮਾਣਦੇ ਰਹੇ। ੧੯੬੯ ਵਿਚ ਅਖੰਡ ਕੀਰਤਨੀ ਜੱਥੇ ਨੇ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਦੀ ਯਾਤਰਾ ਪੜਾਓ ਦਰ ਪੜਾ ਬਸਾਂ ਰਾਹੀਂ ਕੀਤੀ ਅਤੇ ਹਰ ਥਾਂ ਕੀਰਤਨ ਦੀਆਂ ਘੁਮਰਾਂ ਪੈਂਦੀਆਂ ਰਹੀਆਂ। ਆਪ ਜੀ ਨੇ ਇਸ ਯਾਤਰਾ ਵਿਚ ਸੰਗ-ਸਾਥ ਰਹਿ ਕੇ ਖ਼ੂਬ ਅਨੰਦ ਮਾਣੇ ਅਤੇ ਲੋੜ ਅਨੁਸਾਰ ਕਈ ਸਮਾਗਮਾਂ ਵਿਚ ਪੰਚਾਂ ਦੀ ਸੇਵਾ ਵਿਚ ਸ਼ਾਮਲ ਹੁੰਦੇ ਰਹੇ।

ਆਪ ਨੂੰ ਭਜਨ-ਬੰਦਗੀ ਤੇ ਇਕਾਂਤ ਰਹਿਣ ਦੀ ਇੰਨੀ ਲਟਕ ਲਗੀ ਕਿ ਆਪ ਜੀ ਨੇ ਪਿੰਡ ਦੀ ਰਿਹਾਇਸ਼ ਤਿਆਗ ਕੇ, ਪਿੰਡ ਤੋਂ ਦੂਰ ਆਪਣੀ ਜ਼ਮੀਨ ਵਿਚ ਹੀ ਇਕ ਬੁੰਗਾ ਸਾਜ ਲਿਆ, ਜਿਥੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਇਕਾਂਤ-ਭਜਨ ਵਿਚ ਨਿਮਗਨ ਰਹਿਣ ਲਗ ਪਏ ਅਤੇ ਅੰਤ ਸਮੇਂ ਤਕ ਉਸੇ ਇਕਾਂਤ-ਗੁਫਾ ਵਿਚ ਲਿਵ-ਸਮਾਧੀਆਂ ਜੋੜਦੇ ਰਹੇ। ਰਾਤ ੧੨ ਵਜੇ ਤੋਂ ਬਾਅਦ ਆਪ ਜੀ ਨੇ ਸਾਵਧਾਨ ਹੋ ਜਾਣਾ ਅਤੇ


www.AKJ.Org

ਸੌਚ ਇਸ਼ਨਾਨ ਤੋਂ ਬਾਅਦ ਅਨਿਕ ਤਰੰਗੀ ਨਾਮ-ਅਭਿਆਸ ਕਮਾਈਆਂ ਵਿਚ ਜੁਟ ਜਾਣਾ ਅਤੇ ਸੂਰਜ ਉਦੇ ਹੋਣ ਤਕ ਰਜ ਰਜ ਨਾਮ-ਭੋਜਨ ਛਕਣੇ ।

ਅਖੀਰ ਭਾਣੇ ਵਿਚ ਧੁਰ ਦੇ ਸੱਦੇ ਆ ਗਏ। ਪਰ ਕੌਣ ਜਾਣਦਾ ਸੀ ਕਿ ਇਹ ਦਰਗਾਹੀ ਸੱਦੇ ਹਨ। ਆਪ ਜੀ ਨੇ ਅਖੰਡ ਕੀਰਤਨੀ ਜੱਥਿਆਂ ਵਲੋਂ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਵੈਸਾਖੀ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਕਮਰਕੱਸੇ ਕੀਤੇ, ਤਾਂ ਪਰਵਾਰ ਨੂੰ ਪਿਆਰ-ਮਿਲਣੀਆਂ ਮਿਲ ਕੇ ਕਹਿਣ ਲਗੇ ਕਿ ਗੁਰਸਿੱਖੀ ਜੀਵਨ ਵਿਚ ਪਰਪੱਕ ਰਹਿ ਕੇ, ਆਪ ਵਿਚ ਪਿਆਰ ਨਾਲ ਰਹਿਣਾ, ਅਸੀਂ ਹੁਣ ਵਾਪਸ ਨਹੀਂ ਆਉਣਾ । ਆਪ ਦਾ ਵਿਚਾਰ ਘਰ ਬਾਰ ਨੂੰ ਤਿਆਗ ਕੇ ਨਿਵੇਕਲੇ ਹੋ ਕੇ ਖ਼ਾਲਸਾ ਫ਼ਾਰਮ, ਜ਼ਿਲਾ ਗੁਰਦਾਸਪੁਰ ਵਿਖੇ ਰਹਿਣ ਦਾ ਸੀ। ਪਰ ਵਿਧਾਤੇ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਆਪ ਜੀ ਵਿਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਪੁਜ ਗਏ ਅਤੇ ਖ਼ੂਨੀ ਸਾਕੇ ਵਿਚ ਸਭ ਤੋਂ ਪਹਿਲਾਂ ਸ਼ਹੀਦੀ ਪਾਈ।

ਆਪ ਜੀ ਦੇ ਸ਼ਹੀਦੀ ਸਾਕੇ ਨੂੰ ਅਖੀਂ ਵੇਖਣ ਵਾਲੇ ਗੁਰਮੁਖ ਸੰਗੀ ਸਾਥੀ ਦਸਦੇ ਹਨ ਕਿ ਜਦੋਂ ਅਖੌਤੀ ਨਿਰੰਕਾਰੀ ਬੂਚੜਾਂ ਵਲੋਂ ਦਾਗੀ ਹੋਈ ਗੋਲੀ ਆਪ ਜੀ ਨੂੰ ਲਗੀ ਤਾਂ ਧਰਤੀ ਤੇ ਡਿਗ ਪਏ, ਪਰ ਛੇਤੀ ਹੀ ਸੰਭਲ ਕੇ ਚੌਂਕੜਾ ਮਾਰ ਕੇ ਬੈਠ ਗਏ। ਆਪ ਜੀ ਨੇ ਅੰਤ ਸਮਾਂ ਨੇੜੇ ਜਾਣ ਕੇ ਹਾਏ ਊਈ ਦੀ ਥਾਂ ਉਚੀ ਉਚੀ ਨਾਮ-ਅਭਿਆਸ ਕਰਨਾ ਸ਼ੁਰੂ ਕਰ ਦਿਤਾ ਅਤੇ ਫਿਰ ਸਮਾਧੀ ਵਿਚ ਲੀਨ ਹੋ ਗਏ।

ਇਸੇ ਤਰ੍ਹਾਂ ਬੈਠਿਆਂ ਦੇ ਨਗਨ ਸੀਸ ਵਿਚ (ਡਿਗਣ ਨਾਲ ਦੁਮਾਲਾ ਸੀਸ ਤੋਂ ਲੱਥ ਚੁਕਾ ਸੀ) ਦੋਖੀਆਂ ਨੇ ਇਤਨੀਆਂ ਡਾਂਗਾਂ ਵਰ੍ਹਾਈਆਂ ਕਿ ਸੀਸ ਫੁਟ ਕੇ ਖਖੜੀ ਹੋ ਗਿਆ । ਉਥੇ ਸਾਵਧਾਨ ਬੈਠੇ ਰਹੇ, ਰਤਾ ਨਹੀਂ ਜਿਮਕੇ, ਜਦ ਤਕ ਕਿ ਪੰਖੇਰੂ ਉਡਾਰੀ ਨਹੀਂ ਮਾਰ ਗਿਆ। ਆਪ ਜੀ ਦੇ ਅੰਤਮ ਦਰਸ਼ਨ ਵੀ ਸਮਾਧ-ਸਥਿਤ ਦਸ਼ਾ ਵਿਚ ਹੀ ਹੋ ਰਹੇ ਹਨ।

ਆਪ ਜੀ ਦੇ ਪੰਜ ਸਪੁਤਰ ਤੇ ਇਕ ਸਪੁਤਰੀ ਹੈ, ਜਿਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ—

ਭਾਈ ਕਿਰਪਾਲ ਸਿੰਘ, ਭਾਈ ਹਰਬਖ਼ਸ਼ ਸਿੰਘ, ਭਾਈ ਇਕਬਾਲ ਸਿੰਘ, ਭਾਈ ਰਤਨ ਸਿੰਘ, ਭਾਈ ਹਰਭਜਨ ਸਿੰਘ ਅਤੇ ਬੀਬੀ ਸੁਰਜੀਤ ਕੌਰ ਜੀ।

ਇਸ ਸ਼ਹੀਦੀ ਸਾਕੇ ਸਮੇਂ ਇਨ੍ਹਾਂ ਦਾ ਸਪੁਤਰ ਭਾਈ ਇਕਬਾਲ ਸਿੰਘ ਭੀ ਸੰਗ ਸਾਥ ਹੀ ਫਟੜ ਹੋਇਆ ਹੈ, ਜਿਸ ਦੇ ਪਟ ਵਿਚ ਦੁਸ਼ਟਾਂ ਦਾ ਚਲਾਇਆ ਹੋਇਆ ਤੀਰ ਤੇ ਗੋਲੀ ਲਗੀ ਹੈ।

* * *

## ਵੈਸਾਖੀ ਦਾ ਖ਼ੂਨੀ ਕਾਂਡ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਗੁੜਗਾਉਂ]

ਅੰਮ੍ਰਿਤਸਰ ਦੇ ਅੰਦਰ ਹੋਇਐ ਸਿੰਘਾਂ ਦਾ ਜੋ ਕਤਲੇ-ਆਮ ।
ਕਰ ਦਿਤਾ ਏ ਉਸ ਨੇ ਸਾਰੇ ਪੰਥ ਲਈ ਅਰਾਮ ਹਰਾਮ ।੧।
ਸਿੰਘਾਂ ਵਿਦਵਾਨਾਂ ਨੂੰ ਜਿਵੇਂ ਉਡਾਇਆ ਗਿਐ ਗੋਲੀਆਂ ਨਾਲ ।
ਇਸ ਸਾਕੇ ਦੀ ਸਾਰੇ ਜਗ ਵਿਚ 'ਮਿੱਤਰ' ਮਿਲਦੀ ਨਹੀਂ ਮਿਸਾਲ ।੨।
ਨਿਰੰਕਾਰੀਆਂ ਗੁੰਡਿਆਂ ਤੇ ਬਦਮਾਸ਼ਾਂ ਜੋ ਕੀਤਾ ਏ ਕਾਰਾ ।
ਆ-ਮੁਹਾਰੇ ਰੋਣ ਅੱਖੀਆਂ, ਪੜ੍ਹ ਸੁਣ ਕੇ ਬੇ-ਦਰਦ ਨਜ਼ਾਰਾ ।੩।
ਅਮਨ ਪੁਜਾਰੀ ਹਿਰਦਿਆਂ ਅੰਦਰ ਇਸ ਸਾਕੇ ਨੇ ਭਾਂਬੜ ਬਾਲੇ ।
ਤਾਜ਼ਾ ਹੋ ਗਈ ਯਾਦ ਪੁਰਾਣੀ ਬੀਤੀ ਸੀ ਜੋ 'ਜਲ੍ਹਿਆਂ ਵਾਲੇ' ।੪।
ਮਹਾਂ ਪੁਰਸ਼ ਬੇ-ਦੋਸ਼ੇ ਹਾਏ ! ਕੋਹੇ ਗਏ ਜੋ ਸਿੰਘ ਅਠਾਰ੍ਹਾਂ ।
ਰੰਗ ਲਾਏਗਾ ਖ਼ੂਨ ਉਨ੍ਹਾਂ ਦਾ ਤੜਪ ਰਹੀਆਂ ਨੇ ਦਰ-ਦੀਵਾਰਾਂ ।੫।
ਇਤਨਾ ਜ਼ੁਲਮ ਤਸ਼ੱਦਦ ਹੋਇਆ ਪੰਥ ਗੁਰੂ ਦਾ ਜਰ ਨਹੀਂ ਸਕਦਾ ।
ਚੁਪ ਕਰ ਕੇ ਤੇ ਬੈਠ ਜਾਏਗਾ, ਇਤਨੀ ਗ਼ਲਤੀ ਕਰ ਨਹੀਂ ਸਕਦਾ ।੬।
ਗੁਰੂ ਡੰਮ ਦੇ ਇਸ ਬੂਟੇ ਨੂੰ ਸਿੰਘੋ ! ਛੇਤੀ ਪੁਟਣਾ ਪਏਗਾ ।
'ਨਾ ਹੋ ਬਾਂਸ ਨ ਬਜੇ ਬਾਂਸਰੀ' ਆਗਾ ਹੇਠ 'ਚ [illegible] ਪਵੇਗਾ ।੭।

www.AKJ.Org

# ਸ਼ਹੀਦ ਭਾਈ ਰਘਬੀਰ ਸਿੰਘ ਜੀ, ਭਗੂਪੁਰ

[ਵਲੋਂ ਭਾਈ ਕਿਰਪਾਲ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ, ਸ਼ਾਹਪੁਰ ਅੰਬਾਲਾ ਛਾ:]

ਸ਼ਹੀਦ ਭਾਈ ਰਘਬੀਰ ਸਿੰਘ ਦਾ ਜਨਮ ਪਿੰਡ ਭਗੂਪੁਰ ਤਹਿਸੀਲ ਤੇ ਥਾਣਾ ਪਟੀ ਜ਼ਿਲਾ ਅੰਮ੍ਰਿਤਸਰ ਵਿਖੇ ੧੦-੩-੪੯ ਨੂੰ ਹੋਇਆ। ਪੰਦਰ੍ਹਾਂ ਸਾਲ ਦੀ ਉਮਰ ਤੱਕ ਇਹਨਾਂ ਆਪਣੇ ਪਿੰਡ ਵਿਚ ਅੱਠਵੀਂ ਤੱਕ ਪੜ੍ਹਾਈ ਕੀਤੀ ਤੇ ੧੯੬੩ ਵਿਚ ਫ਼ੌਜ ਦੀ ਬੱਚਾ ਕੰਪਨੀ ਬੰਬੇ ਇੰਜਨੀਰਿੰਗ ਗਰੁਪ ਕਿਰਕੀ ਪੂਨਾ ਵਿਚ ਭਰਤੀ ਹੋਏ। ਪੰਜ ਸਾਲ ਨੌਕਰੀ ਕਰ ਕੇ ੧੯੬੮ ਵਿਚ ਫ਼ੌਜ ਤੋਂ ਨਾਮ ਕੱਟਵਾ ਕੇ ਪਟਿ-ਆਲੇ ਆ ਗਏ।

ਦਾਸ ਦਾ ਪਹਿਲਾ ਮਿਲਾਪ ਭਾਈ ਸਾਹਿਬ ਨਾਲ ਕਿਰਕੀ ਪੂਨਾ ਵਿਖੇ ੧੪-੧੨-੬੬ ਨੂੰ ਹੋਇਆ, ਜਦੋਂ ਕਿ ਦਾਸ ਫ਼ੌਜ ਵਿਚ ਸੇਵਾ ਕਰਦਾ ਹੋਇਆ ਸਾਗਰ (ਮਧ ਪ੍ਰਦੇਸ) ਤੋਂ ਬਦਲੀ ਹੋ ਕੇ ਟਰੇਨਿੰਗ ਬਟਾਲੀਅਨ ਨੰਬਰ-੧, ਬੰਬੇ ਇੰਜਨੀਰਿੰਗ ਗਰੁਪ ਵਿਚ ਗਿਆ ਸੀ। ਦਾਸ ਦਫ਼ਤਰ ਵਿਚ ਕਲਰਕ ਦੀ ਡੀਊਟੀ ਕਰ ਰਿਹਾ ਸੀ, ਭਾਈ ਸਾਹਿਬ ਇੰਜਣ ਫਿੱਟਰ ਸਨ, ਪਰ ਗੁਰੂ ਘਰ ਦੇ ਪ੍ਰੇਮੀ ਹੋਣ ਕਾਰਨ ਗੁਰਦੁਆਰੇ ਵਿਚ ਸੇਵਾਦਾਰ ਦੀ ਡਿਊਟੀ ਤੇ ਨਿਯੁਕਤ ਕੀਤੇ ਗਏ ਸਨ। ਉਹਨਾਂ ਦੇ ਪੂਰਬਲੇ ਕਰਮ ਉਦੇ ਹੋਣੇ ਸਨ, ਇਸ ਲਈ ਦਾਸ ਨੂੰ ਕੁਝ ਅਨੁਭਵ ਹੋਇਆ ਕਿ ਇਹ ਜੇ ਗੁਰੂ ਕੇ ਬਣ ਜਾਣ ਤਾਂ ਚੰਗਾ ਹੈ। ਹਫ਼ਤਾਵਾਰੀ ਕੀਰਤਨ-ਸਮਾਗਮ ਪੂਨੇ ਵਿਚ ਪ੍ਰੋਫ਼ੈਸਰ ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਚਲ ਰਹੇ ਸਨ। ਦਾਸ ਇਨ੍ਹਾਂ ਨੂੰ ਆਪਣੇ ਸੰਗ ਸਾਥ ਹੀ ਕੀਰਤਨ-ਸਮਾਗਮਾਂ ਵਿਚ ਲੈ ਜਾਣ ਦੀ ਪ੍ਰੇਰਨਾ ਕਰਦਾ ਰਿਹਾ। ਦਾਸ ਦੇ ਪਾਸ ਟੇਪ-ਰੀਕਾਰਡ ਸੀ। ਭਾਈ ਮਹਿੰਦਰ ਸਿੰਘ ਐਸ. ਡੀ. ਓ., ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਹੋਰ ਕਈ ਬੀਬੀਆਂ ਦੇ ਮਨੋਹਰ ਕੀਰਤਨ, ਰੀਕਾਰਡ ਕੀਤੇ ਹੋਏ ਸਨ ਤੇ ਅਸੀਂ ਹਰ ਰੋਜ਼ ਹੀ ਤਕਰੀਬਨ ਇਕ ਮਹੀਨਾ ਨੇਮ ਨਾਲ ਸੁਣਦੇ ਰਹੇ। ਹੋਰ ਵੀ ਸਿੰਘ ਆ ਜਾਂਦੇ ਸਨ, ਕਿਉਂਕਿ ਪੂਨੇ ਵਿਚ ਕਾਫ਼ੀ ਪਿਆਰ ਵਾਲੇ ਸਿੰਘ ਸਨ। ਇਨ੍ਹਾਂ ਨੂੰ ਬਾਣੀ ਦੇ ਤੇ ਕੀਰਤਨ ਦੇ ਅਣਿਆਲੇ ਤੀਰ ਘਾਉ ਕਰ ਗਏ, ਜਿਸ ਦਾ ਸਦਕਾ ਇਨ੍ਹਾਂ ਨੇ ਕੁਝ ਦਿਨਾਂ ਵਿਚ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਤੇ ਪੰਜ-ਕਕਾਰੀ ਰਹਿਤ ਵਿਚ ਪਰਪੱਕ ਹੋ ਗਏ। ਇਕ ਦਿਨ ਬੇਨਤੀ ਕਰਨ ਲਗੇ, "ਜਿਨ੍ਹਾਂ ਸਿੰਘਾਂ ਦੇ ਤੁਸੀਂ ਰਸ-ਭਿੰਨਣੇ ਕੀਰਤਨ ਰੀਕਾਰਡ ਕੀਤੇ ਹਨ, ਉਹਨਾਂ ਦੇ ਪਰਤੱਖ ਦਰਸ਼ਨ-ਦੀਦਾਰੇ ਕਰਾਉ, ਤੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ-ਨਾਮ ਦੀ ਦਾਤ ਦੀ ਬਖ਼ਸ਼ਿਸ਼ ਕਰਾਉ।" ਦਾਸ ਨੇ ਬੇਨਤੀ ਕੀਤੀ ਕਿ ਇਸ ਵਿਸਾਖੀ ਤੇ ਲੁਧਿਆਣੇ ਜਾ ਕੇ ਪੰਜਾਂ ਦੇ ਪੇਸ਼ ਹੋ ਜਾਓ, ਬਖਸ਼ਿਸ਼ ਹੋ ਜਾਵੇਗੀ। ਉਤਰ ਵਿਚ ਕਿਹਾ ਕਿ ਮੈਂ ਅਨਜਾਣ ਬੱਚਾ ਹਾਂ, ਮੈਨੂੰ ਕੋਈ ਜਾਣਦਾ ਨਹੀਂ ਹੈ, ਤੁਸੀਂ ਛੁੱਟੀ ਲੈ ਕੇ ਮੇਰੇ ਨਾਲ ਚਲੋ ਤੇ ਮੇਰੀ ਵਿਚੋਲਗੀ ਕਰੋ। ਦਾਸ ਦਾ ਓਦੋਂ ਪੱਕਾ ਟਿਕਾਣਾ ਲੁਧਿਆਣੇ ਹੀ ਸੀ।

ਭਾਈ ਸਾਹਿਬ ਜੀ ਨੂੰ ਛੁੱਟੀ ਦਾ ਅੜਿੱਕਾ ਪੈ ਗਿਆ ਤੇ ਕਹਿਣ ਲੱਗੇ, ਕੁਝ ਵੀ ਹੋਵੇ, ਮੈਂ ਹਰ ਹਾਲਤ ਵਿਚ ਵਿਸਾਖੀ ਨੂੰ ਲੁਧਿਆਣੇ ਹੋਵਾਂਗਾ, ਤੁਸੀਂ ਚਲੋ। ਦਾਸ ਨੂੰ ਤਾਂ ਦੋ ਮਹੀਨੇ ਦੀ ਛੁੱਟੀ ਮਿਲ ਗਈ ਤੇ ਅਸੀਂ ਦੋਵੇਂ ਪ੍ਰੋਫ਼ੈਸਰ ਬੇਅੰਤ ਸਿੰਘ ਜੀ ਪਾਸ ਗਏ। ਉਹਨਾਂ ਦਾ ਅਫ਼ਸਰਾਂ ਨਾਲ ਕਾਫ਼ੀ ਰਸੂਖ਼ ਸੀ। ਉਹਨਾਂ ਨੇ ਭਾਈ ਰਘਬੀਰ ਸਿੰਘ ਦੇ ਅਫ਼ਸਰ ਨੂੰ ਟੈਲੀਫੂਨ ਕੀਤਾ ਕਿ ਇਨ੍ਹਾਂ ਨੂੰ ਦਸ ਦਿਨ ਦੀ ਛੁਟੀ ਦੇ ਦਿਓ। ਇਸ ਤਰ੍ਹਾਂ ਇਕ ਘੰਟੇ ਦੇ ਅੰਦਰ ਹੀ ਛੁਟੀ ਮਨਜ਼ੂਰ ਹੋ ਗਈ ਅਤੇ ਅਸੀਂ ਦੋਨੋਂ ੯-੪-੬੭ ਨੂੰ ਗੱਡੀ ਤੇ ਸਵਾਰ ਹੋ ਕੇ ੧੧-੪-੬੭ ਨੂੰ ਅੰਮ੍ਰਿਤ ਵੇਲੇ ਲੁਧਿਆਣੇ ਪੁਜ ਗਏ। ਵਿਸਾਖੀ ਵਾਲੇ ਦਿਨ ਪੰਜਾਂ ਦੇ ਪੇਸ਼ ਕਰਵਾ ਦਿਤਾ ਤੇ ਭਾਈ



www.AKJ.Org

ਰਘਬੀਰ ਸਿੰਘ ਜੀ ਨੂੰ ਅੰਮ੍ਰਿਤ-ਨਾਮ ਦੀਆਂ ਦਾਤਾਂ ਪ੍ਰਾਪਤ ਹੋ ਗਈਆਂ। ਗੁਰਮਤਿ ਰਹਿਤ-ਰਹਿਣੀ ਵਿਚ ਪਰਪੱਕ ਹੋ ਗਏ ਅਤੇ ਮਨਮੁਖ ਸਨਬੰਧੀਆਂ ਨਾਲੋਂ ਨਾ-ਮਿਲਵਰਤਣ ਦੀ ਪੱਕੀ ਠਾਣ ਲਈ।

ਇਹ ਆਪਣੇ ਪਿੰਡ ਨਹੀਂ ਗਏ, ਵਾਪਸ ਪੂਨੇ ਪੁਜ ਗਏ ਤੇ ਨਾਮ-ਕਮਾਈ ਵਿਚ ਜੁੱਟ ਗਏ। ਦਾਸ ਜਦੋਂ ਦੋ ਮਹੀਨੇ ਦੀ ਛੁੱਟੀ ਕੱਟ ਕੇ ਪੁਜਾ ਤਾਂ ਦਰਸ਼ਨ ਕਰ ਕੇ ਗੱਦ ਗੱਦ ਹੋ ਗਿਆ। ਦਾਸ ਦੇ ਵੀ ਭਾਗ ਜਾਗੇ ਕਿ ਐਸੇ ਗੁਰੂ ਕੇ ਲਾਲ ਦੇ ਸੱਚੇ ਪਾਤਸ਼ਾਹ ਨੇ ਮਿਲਾਪ ਕਰਵਾਏ ਹਨ। ਭਾਈ ਸਾਹਿਬ ਜੀ ਬਾਰ੍ਹਾਂ ਵਜੇ ਦੇ ਪਿਛੋਂ ਕਦੀ ਨਹੀਂ ਸੌਂਦੇ ਸਨ, ਇਸ਼ਨਾਨ ਕਰ ਕੇ ਨਾਮ ਜਪਣ ਵਿਚ ਦਿਨ ਚੜ੍ਹੇ ਤੱਕ ਜੁੱਟੇ ਰਹਿੰਦੇ ਸਨ। ਉਹਨਾਂ ਨੇ ਥੋੜੇ ਹੀ ਸਮੇਂ ਵਿਚ ਨਿਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ ਅਤੇ ਸਤੇ ਬਲਵੰਡ ਦੀ ਵਾਰ ਤੇ ਹੋਰ ਬਹੁਤ ਸਾਰੀਆਂ ਬਾਣੀਆਂ ਕੰਠਾਗਰ ਕਰ ਲਈਆਂ ਸਨ।

ਉਹ ਆਪਣਾ ਪਰਸ਼ਾਦਾ ਆਪਣੇ ਹੱਥੀਂ ਆਪ ਹੀ ਸਜਾਇਆ ਕਰਦੇ ਸਨ, ਪਰ ਫ਼ੌਜ ਵਿਚ ਐਸਾ ਕਰਨਾ ਮਨ੍ਹਾ ਸੀ, ਇਸ ਲਈ ਉਹਨਾਂ ਨੂੰ ਪਰਸ਼ਾਦਾ ਆਪ ਸਜਾਣਾ ਬੰਦ ਕਰਨਾ ਪਿਆ। ਦਾਸ ਉਹਨਾਂ ਦਿਨਾਂ ਵਿਚ ਸਿੰਘਣੀ ਸਮੇਤ ਰਹਿੰਦਾ ਸੀ। ਦਾਸ ਨੇ ਬੇਨਤੀ ਕੀਤੀ ਕਿ ਪਰਸ਼ਾਦਾ ਸਾਡੇ ਘਰ ਛੱਕ ਲਿਆ ਕਰੋ ਤੇ ਉਹ ਛਕਦੇ ਰਹੇ।

ਪੂਨੇ ਦੇ ਇਕ ਸਿੰਘ ਭਾਈ ਗੁਰਚਰਨ ਸਿੰਘ ਜੀ ਨੇ ਆਪਣੇ ਘਰ ਸ੍ਰੀ ਅਖੰਡਪਾਠ ਅਰੰਭ ਕਰਵਾਇਆ ਜੋ ੨੩-੧੨-੬੭ ਤੋਂ ੨੫-੧੨-੬੭ ਤੱਕ ਹੋਇਆ। ਭਾਈ ਰਘਬੀਰ ਸਿੰਘ ਜੀ 'ਤੇ ਅਕਾਲ ਪੁਰਖ ਦੀ ਕਿਰਪਾ ਹੋਈ, ਇਨ੍ਹਾਂ ਨੇ ਇਕੋ ਚੌਂਕੜੇ ਵਿਚ ਬੈਠ ਕੇ ਸਾਰਾ ਅਖੰਡਪਾਠ ਬਿਨਾਂ ਅੰਨ-ਜਲ ਦੇ ਸਰਵਣ ਕੀਤਾ। ਭੋਗ ਉਪਰੰਤ ਛੇ ਘੰਟੇ ਕੀਰਤਨ ਉਸੇ ਚੌਕੜੇ ਵਿਚ ਕੀਤਾ। ਕੋਈ ਥਕਾਵਟ ਮਹਿਸੂਸ ਨਹੀਂ ਕੀਤੀ। ਆਪ ਘੰਟਿਆਂ ਬੱਧੀ ਕੰਠਾਗਰ ਕੀਰਤਨ ਕਰਦੇ ਰਹਿੰਦੇ ਸਨ ਅਤੇ ਤਕੜੇ ਅਖੰਡਪਾਠੀ ਵੀ ਸਨ। ਪਰਮਾਰਥ-ਸਿਧੀ ਦੀ ਆਪ ਨੂੰ ਇਤਨੀ ਲਗਨ ਸੀ ਕਿ ਆਪ ਨੇ ਥੋੜੇ ਸਮੇਂ ਵਿਚ ਹੀ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ, ਆਸਾ ਦੀ ਵਾਰ, ਬਸੰਤ ਕੀ ਵਾਰ, ਸਤੇ ਬਲਵੰਡ ਦੀ ਵਾਰ, ਸ਼ਬਦ ਹਜ਼ਾਰੇ ਪਾ: ੧੦, ਸਵਯੇ "ਦੀਨਨ ਕੀ ਪ੍ਰਤਿਪਾਲ ਕਰੈ", ਚੌਪਈ 'ਪ੍ਰਣਵੋ ਆਦਿ", ਅਕਾਲ ਉਸਤਤਿ, ਬਾਰਹਮਾਹਾ ਮਾਝ ਤੇ ਤੁਖਾਰੀ, ਸਲੋਕ ਮਹਲਾ ੯, ਗੂਜਰੀ ਕੀ ਵਾਰ ਮਹਲਾ ੫, ਅਤੇ ਹੋਰ ਬੇਅੰਤ ਸ਼ਬਦ ਕੰਠਾਗਰ ਕਰ ਲਏ, ਜਿਨ੍ਹਾਂ ਦਾ ਰੋਜ਼ ਪਾਠ ਕਰਦੇ ਸਨ।

ਕੁਝ ਸਮੇਂ ਪਿਛੋਂ ਉਹ ਮਿਲਟਰੀ ਸਰਵਸ ਤੋਂ ਉਪਰਾਮ ਹੋ ਗਏ। ਉਹਨਾਂ ਦੇ ਵਡੇ ਭਰਾ ਕੈਪਟਨ ਪਿਆਰਾ ਸਿੰਘ ਜੀ ਨੇ ਭਾਈ ਸਾਹਿਬ ਨੂੰ ਕੋਸ਼ਿਸ਼ ਕਰਕੇ ਡਿਸਚਾਰਜ ਕਰਵਾ ਲਿਆ ਤੇ ਡਿਊਟੀ ਲਾਈ ਕਿ ਤੁਸੀਂ ਹੁਣ ਪਿੰਡ ਜਾ ਕੇ ਖੇਤੀ ਬਾੜੀ ਦਾ ਕੰਮ ਸੰਭਾਲ ਲਵੋ, ਕਿਉਂਕਿ ਪਿੱਛੇ ਕੰਮ ਕਰਨ ਵਾਲਾ ਕੋਈ ਨਹੀਂ ਸੀ।

ਭਾਈ ਸਾਹਿਬ ਜੀ ਨੇ ਕਿਹਾ ਕਿ ਮੈਂ ਪਿੰਡ ਨਹੀਂ ਜਾਣਾ, ਉਥੇ ਦਾ ਵਾਤਾਵਰਨ ਠੀਕ ਨਹੀਂ ਹੈ। ਘਰ ਜਾਣ ਨਾਲ ਮੇਰਾ ਸਭ ਕੁਝ ਖ਼ਤਮ ਹੋ ਜਾਏਗਾ। ਦਾਸ ਨੇ ਤੇ ਪ੍ਰੋਫ਼ੈਸਰ ਬੇਅੰਤ ਸਿੰਘ ਜੀ ਨੇ ਪਟਿਆਲੇ 'ਸੂਰਾ ਪ੍ਰਿੰਟਿੰਗ ਪ੍ਰੈਸ' ਵਿਚ ਭੇਜ ਦਿਤਾ, ਕਿਉਂਕਿ 'ਸੂਰਾ' ਪ੍ਰੈਸ ਵਿਚ ਵਿਚ ਇਕ ਕੰਪਾਜ਼ੀਟਰ ਦੀ ਲੋੜ ਸੀ।

੬੦—ਰੁਪਏ ਮਹੀਨੇ ਤੇ 'ਸੂਰਾ' ਪ੍ਰਿੰਟਿੰਗ ਪ੍ਰੈਸ ਵਿਚ ਕੰਮ ਕਰਨਾ ਅਰੰਭ ਕਰ ਦਿਤਾ। ਪ੍ਰਸ਼ਾਦਾ ਹਮੇਸ਼ਾ ਆਪ ਹੀ ਸਜਾਇਆ ਕਰਦੇ ਸਨ। ਉਸ ਦੇ ਪਿਛੋਂ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ ਵਿਚ ਵੀ ਕੰਮ ਕਰਦੇ ਰਹੇ। ਇਨ੍ਹਾਂ ਨੂੰ ਪੜ੍ਹਾਈ ਕਰਨ ਦਾ ਪਹਿਲਾਂ ਤੋਂ ਹੀ ਬਹੁਤ ਸ਼ੌਕ ਸੀ। ਪੜ੍ਹਾਈ ਕਰਨੀ, ਪ੍ਰਸ਼ਾਦਾ ਸਜਾਉਣਾ, ਆਪਣਾ ਨਿਤਨੇਮ ਵੀ ਰੋਜ਼ਾਨਾ ਕਰਨਾ ਤੇ ਫਿਰ ਸਾਰਾ ਦਿਨ ਪ੍ਰੈਸ ਵਿਚ ਵੀ ਡਿਊਟੀ ਕਰਨੀ, ਇਹ ਸਾਰਾ ਕੰਮ ਬੜਾ ਕਠਨ ਸੀ, ਇਸ ਲਈ ਆਪ ਜੀ ਨੂੰ ਨੌਕਰੀ ਛੱਡਣੀ ਪਈ, ਕੇਵਲ ਨਾਮ-ਕਮਾਈ ਅਤੇ ਪੜ੍ਹਾਈ ਕਰਨ ਵਿਚ ਜੁੱਟ ਗਏ। ੧੯੬੮ ਤੋਂ ੧੯੭੩ ਤੱਕ ਖ਼ੂਬ ਨਾਮ-ਕਮਾਈ ਤੇ ਦੁਨਿਆਵੀ


www.AKJ.Org

ਪੜ੍ਹਾਈ ਕੀਤੀ। ਦਾਸ ਵੀ ੭ ਫਰਵਰੀ ੧੯੭੦ ਨੂੰ ਪੈਨਸ਼ਨ ਆ ਗਿਆ ਸੀ।

ਇਸ ਸਮੇਂ ਭਾਈ ਮਹਿੰਦਰ ਸਿੰਘ ਜੀ ਐਸ.ਡੀ.ਓ. ਦੀ ਅਗਵਾਈ ਵਿਚ ੯ ਅਕਤੂਬਰ ੧੯੭੦ ਤੋਂ ੧ ਨਵੰਬਰ ੧੯੭੦ ਤਕ ਗੁਰਮਤਿ ਪਰਚਾਰ ਇਲਾਕੇ ਵਿਚ ਫਿਰ ਕੇ ਕੀਤਾ ਗਿਆ। ਭਾਈ ਰਘਬੀਰ ਸਿੰਘ ਜੀ ਤੇ ਭਾਈ ਫ਼ੌਜਾ ਸਿੰਘ ਜੀ ਇਸ ਪਰਚਾਰ-ਫੇਰੀ ਸਮੇਂ ਅੰਮ੍ਰਿਤ ਸਿੰਚਾਰ ਸਮਾਗਮਾਂ ਵਿਚ ਪੰਜ ਪਿਆਰਿਆਂ ਦੀ ਸੇਵਾ ਨਿਭਾਉਂਦੇ ਰਹੇ।

ਇਨ੍ਹਾਂ ਨੇ ਬਹੁਤਾ ਸਮਾਂ ਪਟਿਆਲੇ ਵਿਖੇ ਭਾਈ ਮਨੋਹਰ ਸਿੰਘ ਜੀ ਰੈਡ ਕਰਾਸ ਅਤੇ ਭਾਈ ਸੁਰਜੀਤ ਸਿੰਘ ਜੀ ਟਰੱਕਾਂ ਵਾਲਿਆਂ ਨਾਲ ਬਿਤਾਇਆ। ਕੁਝ ਸਮਾਂ ਦਾਸ ਦੇ ਪਾਸ ਲੁਧਿਆਣੇ ਰਹਿ ਕੇ ਵੀ ਪੜ੍ਹਾਈ ਕੀਤੀ। ਪੜ੍ਹਾਈ ਦਾ ਵੇਰਵਾ ਇਸ ਤਰ੍ਹਾਂ ਹੈ:—ਮੈਟ੍ਰਿਕ, ਗਿਆਨੀ ਤੇ ਬੀ. ਏ.।

ਸਮਾਗਮਾਂ ਸਮੇਂ ਲੰਗਰ ਦੀ ਸੇਵਾ ਬੜੇ ਪਿਆਰ ਨਾਲ ਕਰਿਆ ਕਰਦੇ ਸਨ। ਜਦੋਂ ਦਾਸ ਨੇ ਸਮਾਗਮ ਘਰ ਵਿਚ ਰਖਵਾਉਣਾ ਤਾਂ ਇਨ੍ਹਾਂ ਨੇ ਲੰਗਰ ਦੀ ਸੇਵਾ ਬੜੇ ਚਾਅ ਤੇ ਉਤਸ਼ਾਹ ਨਾਲ ਨਿਭਾਉਣੀ। ਦਾਸ ਨੇ ਪੜ੍ਹਾਈ ਦੇ ਦੌਰਾਨ ਉਹਨਾਂ ਨੂੰ ਖ਼ਰਚ ਵਗੈਰਾ ਦੀ ਕੋਈ ਔਕੜ ਨਹੀਂ ਆਉਣ ਦਿਤੀ। ਇਹ ਦਾਸ ਦੀ ਸੱਚੇ ਪਾਤਸ਼ਾਹ ਨੇ ਪ੍ਰੇਰਨਾ ਕਰ ਕੇ ਡਿਊਟੀ ਲਾਈ ਹੋਈ ਸੀ। ਆਪ ੧-੧੧-੭੩ ਨੂੰ ਪਟਿਆਲਾ ਯੂਨੀ-ਵਰਸਿਟੀ ਵਿਚ ਕਲਰਕ ਨਿਯੁਕਤ ਕੀਤੇ ਗਏ। ੧-੨-੭੫ ਤੋਂ ਪੰਜਾਬ ਐਂਡ ਸਿੰਧ ਬੈਂਕ ਵਿਚ ਸਰਵਿਸ ਮਿਲ ਗਈ। ਸ਼ਹੀਦ ਹੋਣ ਤਕ ਪੰਜਾਬ ਐਂਡ ਸਿੰਧ ਬੈਂਕ ਸੁਨਾਮ ਜ਼ਿਲਾ ਸੰਗਰੂਰ ਵਿਚ ਲੱਗੇ ਰਹੇ। ਦਾਸ ਨਾਲ ਆਪ ਦਾ ਬਹੁਤ ਪਿਆਰ ਸੀ ਅਤੇ ਦਾਸ ਨੂੰ ਪਿਤਾ ਸਮਾਨ ਸਮਝਦੇ ਸਨ।

ਆਪ ਬੜੇ ਮਿਠਬੋਲੜੇ ਤੇ ਮਿਲਾਪੜੇ ਸੁਭਾ ਵਾਲੇ ਸਨ ਅਤੇ ਹਰਮਨ ਪਿਆਰੇ ਸਨ। ਖਿੜਿਆ ਹੋਇਆ ਹਸੂੰ ਹਸੂੰ ਕਰਦਾ ਚਿਹਰਾ ਦੇਖਣ ਵਾਲਿਆਂ ਨੂੰ ਮੋਹ ਲੈਂਦਾ ਸੀ। ਆਪ ਬੜੇ ਬੈਰਾਗੀ ਤਿਆਗੀ ਸਨ ਅਤੇ ਬੜੀ ਬਿਹਬਲਤਾ ਵਿਚ ਸਤਿਗੁਰਾਂ ਅਗੇ ਅਰਦਾਸ ਕਰਦੇ ਹੋਇ ਅਧਾ ਅਧਾ ਘੰਟਾ ਰੁਦਨ ਕਰਦੇ ਰਹਿੰਦੇ ਸਨ। ਅੰਮ੍ਰਿਤ ਵੇਲੇ ਘੰਟਿਆਂ ਬਧੀ ਜੁਟ ਕੇ ਨਾਮ-ਅਭਿਆਸ ਦਾ ਜ਼ੋਰੋ ਜ਼ੋਰ ਖੰਡਾ ਖੜਕਾਉਣਾ। ਨਾਮ ਦੀ ਇਉਂ ਗੂੰਜ ਪੈਣੀ ਜਿਵੇਂ ਕਿ ਕਈ ਸਿੰਘ ਮਿਲ ਕੇ ਖੰਡਾ ਖੜਕਾ ਰਹੇ ਹੋਣ। ਇਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੁਨਾਮ ਵਿਚ ਕਈ ਸਿੰਘ ਸਜੇ ਅਤੇ ਕਈਆਂ ਨੂੰ ਪ੍ਰਮਾਰਥ ਦੀ ਲਾਗ ਲਗੀ। ਦਾਨੀ ਇੰਨੇ ਸਨ ਕਿ ਸ਼ਹੀਦ ਹੋਣ ਉਪਰੰਤ ਇਨ੍ਹਾਂ ਨਮਿਤ ਰਖੇ ਪਾਠ ਦੇ ਭੋਗ ਸਮੇਂ ਕਿਸੇ ਵਿਅਕਤੀ ਨੇ ਸ਼ਰਧਾਂਜਲੀ ਦਿੰਦਿਆਂ ਇੰਨਾ ਪ੍ਰਥਾਇ ਇਹਸ਼ਬਦ ਕਹੇ ਕਿ ਗੁਰਸਿਖ ਨੂੰ ਆਪਣੀ ਕਮਾਈ ਵਿਚੋਂ ਦਸਵੰਧ ਕਢਣ ਦਾ ਹੁਕਮ ਹੈ; ਪਰ ਇਹ ਗੁਰੂ ਕੇ ਲਾਲ ਅਜਿਹੇ ਸਨ ਕਿ ਦਸਵੰਧ ਨਾਲ ਤਾਂ ਆਪਣਾ ਨਿਰਬਾਹ ਕਰਦੇ ਸਨ ਅਤੇ ਬਾਕੀ ਸਾਰੀ ਮਾਇਆ ਗੁਰੂ ਕੇ ਲੇਖੇ ਲਾ ਦਿੰਦੇ ਸਨ।

ਉਹਨਾਂ ਦਾ ਆਨੰਦ ਕਾਰਜ ੧੮-੧੦-੭੫ ਨੂੰ ਬੀਬੀ ਹਰਦੇਵ ਕੌਰ ਸਪੁਤਰੀ ਸ: ਰਾਮ ਸਿੰਘ (ਰਿਟਾਇਰਡ ਕੈਪਟਨ) ਪਿੰਡ ਬੂਤਾਲਾ ਜ਼ਿਲਾ ਕਪੂਰ-ਥਲੇ ਨਾਲ ਹੋਇਆ। ਇਹ ਅਨੰਦ ਕਾਰਜ ਵੀ ਆਪਣੀ ਮਿਸਾਲ ਆਪ ਹੀ ਸੀ। ਆਮ ਸੰਸਾਰੀਆਂ ਵਾਂਗ ਨਾ ਕੋਈ ਜੰਞ ਸੀ ਤੇ ਨਾ ਕੋਈ ਮਨਮੁਖੀ ਵਿਆਹਾਂ ਵਾਲੇ ਅਡੰਬਰ ਸਨ। ਇਕ ਆਪ ਅਤੇ ਦੂਜੇ ਉਨ੍ਹਾਂ ਦੇ ਪਿਤਾ ਜੀ ਸਨ। ਹੋਰ ਚਾਰ ਗੁਰਸਿਖ ਨਾਲ ਸਨ, ਤੇ ਬਸ ਇਹੋ ਜੰਞ ਸੀ। ਨਾ ਕੋਈ ਵਾਜੇ ਗਾਜੇ ਤੇ ਨਾ ਕੋਈ ਮਿਲਣੀ ਗਿਲਣੀ।

ਬੀਬੀ ਜੀ ਵੀ ਆਪਣੀ ਰਹਿਤ-ਰਹਿਣੀ ਵਿਚ ਪਰਪੱਕ ਹਨ। ਭਾਈ ਸਾਹਿਬ ਦੀ ਸੰਗਤ ਨਾਲ ਸਿੱਖੀ ਦਾ ਹੋਰ ਗੂੜ੍ਹਾ ਰੰਗ ਚੜ੍ਹ ਗਿਆ। ਬੀਬੀ ਜੀ ਵੀ ਗੁਰਮੁਖੀ ਬਾਣੇ ਵਿਚ ਰਹਿਣ ਲੱਗ ਪਏ।

ਭਾਈ ਰਘਬੀਰ ਸਿੰਘ ਜੀ ਸੁਨਾਮ ਵਿਚ ਸਵਾ ਤਿੰਨ ਸਾਲ ਰਹੇ ਅਤੇ ਇਨ੍ਹਾਂ ਦੇ ਉਦਮ ਨਾਲ ਉਥੇ ਹਰ ਸਾਲ ਰੈਣ ਸਬਾਈ ਕੀਰਤਨ ਚੜ੍ਹਦੀਆਂ ਕਲਾਂ ਵਿਚ ਹੁੰਦੇ ਰਹੇ।

ਸ਼ਹੀਦੀ ਪਾਉਣ ਤੋਂ ਮਹੀਨਾ ਕੁ ਪਹਿਲਾਂ ਭਾਈ ਰਘਬੀਰ ਸਿੰਘ ਨੇ ਇਕ ਰਾਤ੍ਰੀ ਸੁਪਨ-ਚਮਤਕਾਰ



www.AKJ.Org

ਦੇਖਿਆ, ਜੋ ਇਉਂ ਹੈ—

ਉਸ ਨੇ ਡਿਠਾ ਕਿ ਇਕ ਪਾਸੇ ਕੁਝ ਦੇਵਤੇ ਖੜੇ ਹਨ ਅਤੇ ਦੂਸਰੇ ਪਾਸੇ ਰਾਕਸ਼ ਖੜੇ ਹਨ, ਜੋ ਇਸ ਨੂੰ ਘੇਰੀ ਬੈਠੇ ਹਨ। ਇਸ ਦੀ ਉਨ੍ਹਾਂ ਰਾਕਸ਼ਾਂ ਨਾਲ ਬੜੀ ਜ਼ਬਰਦਸਤ ਟੱਕਰ ਇਉਂ ਹੋ ਰਹੀ ਹੈ ਕਿ ਰਾਕਸ਼ ਆਪਣੇ ਜਾਦੂ ਟੂਣੇ ਦੇ ਪਰਭਾਵ ਇਸ ਤੇ ਪਾ ਰਹੇ ਹਨ, ਜਿਸ ਨਾਲ ਇਨ੍ਹਾਂ ਦਾ ਸਰੀਰ ਭਾਰਾ ਤੇ ਸਥਿਲ ਹੁੰਦਾ ਜਾ ਰਿਹਾ ਹੈ ਅਤੇ ਲੱਤਾਂ ਅਗਾਂਹ ਤੁਰਦੀਆਂ ਨਹੀਂ। ਦੂਰ ਖੜੇ ਦੇਵਤੇ ਇਉਂ ਕਹਿੰਦੇ ਸੁਣਾਈ ਦਿੰਦੇ ਹਨ ਕਿ ਗੁਰੂ ਕੇ ਸਿੰਘ ਦਾ ਮੁਕਾਬਲਾ ਆਦਮ-ਖੋਰਾਂ ਨਾਲ ਪੈ ਗਿਆ ਹੈ, ਦੇਖੀਏ ਕੌਣ ਜਿਤਦਾ ਹੈ। ਇੰਨੇ ਨੂੰ ਭਾਈ ਰਘਬੀਰ ਸਿੰਘ ਜੀ ਉੱਚੀ ਉੱਚੀ ਨਾਮ-ਅਭਿਆਸ ਦਾ ਖੰਡਾ ਖੜਕਾਉਣ ਲਗ ਪਏ, ਜਿਸ ਨਾਲ ਉਨ੍ਹਾਂ ਦਾ ਸਰੀਰ ਹੌਲਾ ਹੋ ਗਿਆ ਤੇ ਆਪ ਛੜੱਪ ਦੇਵਤਿਆਂ ਵਿਚ ਜਾ ਰਲੇ। ਦੇਵਤਿਆਂ ਨੇ 'ਵਾਹ ਵਾਹ' ਤੇ 'ਧੰਨ ਗੁਰਸਿਖੀ' ਦੀਆਂ ਆਵਾਜ਼ਾਂ ਬੁਲੰਦ ਕੀਤੀਆਂ ਅਤੇ ਸ਼ਾਬਾਸ਼ ਦੇ ਥਾਪੜੇ ਦਿਤੇ। ਜਦੋਂ ਹੀ ਇਸ ਸੁਪਨੇ ਤੋਂ ਉਪਰੰਤ ਉਹ ਅੰਮ੍ਰਿਤ ਵੇਲੇ ਸਾਵਧਾਨ ਹੁੰਦੇ ਹਨ ਤਾਂ ਉਹ ਉਚੀ ਉਚੀ ਨਾਮ-ਖੰਡਾ ਖੜਕਾ ਰਹੇ ਹੁੰਦੇ ਹਨ।

ਆਪ ਜੀ ਸੁਨਾਮ ਤੋਂ ਹੀ ਅਖੰਡ ਕੀਰਤਨੀ ਜੱਥਿਆਂ ਦੇ ਵੈਸਾਖੀ ਸਮਾਗਮ ਵਿਚ ਸ਼ਾਮਲ ਹੋਣ ਲਈ ਪੁਜੇ। ਭਾਣੇ ਵਿਚ ਇਥੇ ਸ਼ਹੀਦੀ ਸਾਕੇ ਵਰਤ ਗਏ। ਸਤਿਗੁਰੂ ਦੇ ਹੁਕਮਾਂ ਤੋਂ ਘੋਲ-ਘੁਮਾਈ ਹੋਣ ਵਾਲੇ ਗੁਰ-ਚਰਨਾਂ ਦੇ ਪਤੰਗਿਆਂ ਨੇ ਜਿਉਂ ਹੀ ਇਹ ਮੰਦੀ ਸੋਇ ਸੁਣੀ ਕਿ ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ ਵਿਚ ਖਾਲਸੇ ਦੇ ਜਨਮ-ਦਿਵਸ ਅਵਸਰ ਸਮੇਂ ਕੋਈ ਪਖੰਡੀ ਤੇ ਵਿਕਾਰੀ ਪੁਰਸ਼ ਜਲੂਸ ਕਢ ਕੇ ਗੁਰੂ-ਰੀਸੇ ਪਾਲਕੀ ਵਿਚ ਬੈਠ ਕੇ ਆਪਣੀ ਮਲ-ਮੂਤਰ ਦੀ ਦੇਹੀ ਉਪਰ ਚੌਰ ਕਰਵਾਉਂਦਾ ਹੋਇਆ, ਆਪਣੇ ਆਪ ਨੂੰ ਸਭ ਗੁਰ-ਪੀਰਾਂ ਤੋਂ ਵਡਾ ਜਣਾਉਂਦਾ ਫਿਰਦਾ ਹੈ ਅਤੇ ਇਉਂ ਕਹਿ ਕੇ ਗੁਰੂ ਘਰ ਦੀ ਘੋਰ ਨਿੰਦਾ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਤਾਂ ਪੰਜ ਪਿਆਰੇ ਸਾਜੇ ਸਨ, ਮੈਂ ਸਤ ਪਿਆਰੇ ਬਣਾਏ ਹਨ, ਤਾਂ "ਗੁਰ ਕੀ ਨਿੰਦਾ ਸੁਨਹਿ ਨ ਕਾਨ" ਦੇ ਹੁਕਮ ਅਨੁਸਾਰ ਉਨ੍ਹਾਂ ਦਾ ਖ਼ੂਨ ਖੌਲ ਉਠਿਆ ਅਤੇ ਉਹ ਨੰਗੇ ਪੈਰੀਂ ਹੀ ਉਠ ਭਜੇ। ਭਾਣੇ ਵਿਚ ਵਰ੍ਹਦੀਆਂ ਗੋਲੀਆਂ ਤੇ ਡਾਂਗਾਂ ਤਲਵਾਰਾਂ ਦੀ ਮਾਰ ਵਿਚ ਸਨਮੁਖ ਜੂਝ ਗਏ। ਛਾਤੀ ਵਿਚ ਗੋਲੀਆਂ ਖਾਧੀਆਂ, ਮੱਥਿਆਂ ਤੇ ਫਟ ਸਹੇ ਅਤੇ ਡਾਂਗਾਂ ਨਾਲ ਹੱਡ ਤੋੜੇ ਗਏ, ਪਰ ਸੀ ਨਹੀਂ ਕੀਤੀ। ਭਾਈ ਅਵਤਾਰ ਸਿੰਘ ਜੀ ਵਾਂਗ ਆਪ ਵੀ ਚੜ੍ਹਦੀ ਕਲਾ ਵਿਚ ਸ਼ਹੀਦੀ ਪ੍ਰਾਪਤ ਕਰ ਗਏ।

ਜਿਉ ਜਲੁ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥

ਸੁਖਮਨੀ ਮ: ੫, ਪੰਨਾ ੨੭੮

ਆਪ ਆਪਣੇ ਪਿਛੇ ਨੌਜੁਆਨ ਸਿੰਘਣੀ ਅਤੇ ਦੋ ਬੱਚੀਆਂ, ਇਕ ਦੀ ਉਮਰ ਡੇਢ ਸਾਲ ਤੇ ਦੂਜੀ ਦੀ ਕੇਵਲ ਪੰਜ ਮਹੀਨੇ ਹੈ, ਗੁਰੂ ਆਸਰੇ ਛੱਡ ਗਏ ਹਨ। ਬੀਬੀ ਜੀ ਮੈਟ੍ਰਿਕ ਪਾਸ ਹਨ, ਇਸ ਲਈ ਪੰਜਾਬ ਐਂਡ ਸਿੰਧ ਬੈਂਕ ਨੇ ਹਮਦਰਦੀ ਵਜੋਂ ਉਨ੍ਹਾਂ ਨੂੰ ਬੈਂਕ ਵਿਚ ਸਰਵਿਸ ਦੇ ਦਿਤੀ ਹੈ।

---

## ੧੭ ਮਈ ੧੯੭੮ ਨੂੰ ਪੰਥਕ ਕਨਵੈਨਸ਼ਨ

ਨਕਲੀ ਨਿਰੰਕਾਰੀਆਂ ਵਲੋਂ 'ਸ੍ਰੀ ਗੁਰੂ ਗ੍ਰੰਥ ਪੰਥ' ਵਿਰੁਧ ਖੁਲ੍ਹਮ ਖੁਲ੍ਹਾ ਪਰਚਾਰ ਕੀਤੇ ਜਾਣ ਅਤੇ ਉਸ ਦੇ ਫਲ-ਸਰੂਪ ੧੩ ਅਪ੍ਰੈਲ ਵੈਸਾਖੀ ਵਾਲੇ ਦਿਨ ੧੩ ਸਿੰਘਾਂ ਦੀ ਸ਼ਹੀਦੀ ਤੋਂ ਉਪਜੇ ਹਾਲਾਤ ਨੂੰ ਵਿਚਾਰਨ ਅਤੇ ਇਸ ਸਬੰਧ ਵਿਚ ਠੋਸ ਕਦਮ ਚੁਕਣ ਸਬੰਧੀ ਪੰਥ ਦੀਆਂ ਸਮੁੱਚੀਆਂ ਸੰਸਥਾਵਾਂ ਦੇ ਪ੍ਰਤੀਨਿਧਾਂ ਦੀ ਕਨਵੈਨਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ੧੭ ਮਈ ੧੯੭੮ ਨੂੰ ਸਦੀ ਗਈ ਹੈ। ਸਤਿਗੁਰੂ ਮਿਹਰ ਕਰਨ, ਕੌਮ ਗ਼ਫਲਤ ਦੀ ਨੀਂਦ ਤੋਂ ਜਾਗ ਕੇ ਸੰਭਲੇ ਅਤੇ ਸਿੱਖੀ ਦੀ ਸੰਭਾਲ ਲਈ ਤਤਪਰ ਹੋਵੇ।

www.AKJ.Org

# ਸ਼ਹੀਦ ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ

[ਵਲੋਂ---ਭਾਈ ਹਰਮਿੰਦਰ ਸਿੰਘ ਜੀ ਹੁਸ਼ਿਆਰਪੁਰ]

ਗੁਰਮੁਖ ਪਿਆਰੇ ਗੁਰੂ ਕੇ ਲਾਲ ਭਾਈ ਸਾਹਿਬ ਭਾਈ ਕੇਵਲ ਸਿੰਘ ਜੀ ਸ਼ਹੀਦ ਦਾ ਜਨਮ ੮ ਮਾਰਚ ੧੯੫੩ ਨੂੰ ਹੁਸ਼ਿਆਰਪੁਰ ਸ਼ਹਿਰ ਦੇ ਮਹੱਲਾ ਪ੍ਰੇਮ ਗੜ੍ਹ ਵਿਖੇ ਹੋਇਆ । ਆਪ ਜੀ ਦੇ ਪਿਤਾ ਦਾ ਨਾਮ ਸ: ਅਮਰ ਸਿੰਘ ਤੇ ਮਾਤਾ ਜੀ ਦਾ ਨਾਮ ਸਤਿਆ ਕੌਰ ਹੈ । ਬਚਪਨ ਦੇ ੫-੭ ਸਾਲ ਹੁਸ਼ਿਆਰਪੁਰ ਦੀਆਂ ਗਲੀਆਂ ਵਿਚ ਗੁਜ਼ਾਰੇ ਤੇ ਸੰਨ ੧੯੬੦ ਵਿਚ ਪਿਤਾ ਜੀ ਦੇ ਨਾਲ ਕਲਕਤੇ ਚਲੇ ਗਏ ।

ਆਪ ਦੇ ਪਿਤਾ ਜੀ ਦੀ ਕਲਕਤੇ ਵਿਖੇ ਆਪਣੀ ਟਰਾਂਸਪੋਰਟ ਹੈ, ਅਤੇ ਚੰਗਾ ਕਾਰੋਬਾਰ ਹੈ । ਉਥੇ ਆਪ ਨੂੰ ਪੜ੍ਹਨ ਲਈ ਸਕੂਲ ਪਾਇਆ ਗਿਆ, ਪਰ ਆਪ ਨੇ ਸਿਰਫ਼ ਚਾਰ ਜਮਾਤਾਂ ਹੀ ਪਾਸ ਕੀਤੀਆਂ । ਘਰ ਦਿਆਂ ਨੇ ਬੜਾ ਜ਼ੋਰ ਲਾਇਆ ਕਿ ਹੋਰ ਪੜ੍ਹਾਈ ਕਰ, ਪਰ ਆਪ ਦਾ ਸ਼ੌਕ ਦਸਤਕਾਰੀ ਵਲ ਬਹੁਤਾ ਸੀ, ਇਸ ਕਰਕੇ ੧੯੬੬ ਵਿਚ ਆਪ ਜੀ ਕਿਸ਼ਨ ਗੰਜ (ਬਿਹਾਰ) ਚਲੇ ਗਏ ਤੇ ਮੋਟਰ ਇਲੈਕਟ੍ਰਿਕ ਦਾ ਕੰਮ ਸਿਖਣ ਲਗ ਪਏ । ਲਗ ਪਗ ਤਿੰਨ ਸਾਲ ਕੰਮ ਸਿਖਿਆ ਤੇ ਫਿਰ ਵਾਪਸ ਕਲਕਤੇ ਆ ਗਏ ।

ਹੱਥੀਂ ਕੰਮ ਕਰਨ ਦੇ ਨਾਲ ਨਾਲ ਗੁਰੂ ਘਰ ਦੀ ਅਤੇ ਗੁਰਬਾਣੀ ਦੀ ਲਗਨ ਲਗੀ ਤੇ ਆਪ ਨੇ ੧੯੭੧-੭੨ ਵਿਚ ਅਖੰਡ ਕੀਰਤਨੀ ਜੱਥਿਆਂ ਦੇ ਸਮਾਗਮ ਵਿਚ ਅੰਮ੍ਰਿਤ ਛਕਿਆ । ਕੰਮ ਸਿਖਣ ਤੋਂ ਬਾਅਦ ਆਪ ਨੇ ਕਿਤੇ ਨੌਕਰੀ ਨਹੀਂ ਕੀਤੀ ਬਲਕਿ ਘਰ ਦਿਆਂ ਦੇ ਨਾਲ ਹੀ ਛੋਟੇ ਮੋਟੇ ਕੰਮ ਕਰਦੇ ਰਹੇ । ਵਾਹਿਗੁਰੂ ਦੀ ਕਰਨੀ ਐਸੀ ਹੋਈ ਕਿ ਆਪ ਜੀ ਉਥੇ ਸਖ਼ਤ ਬੀਮਾਰ ਹੋ ਗਏ । ਖ਼ੂਨ ਦੀਆਂ ਜ਼ਬਰਦਸਤ ਉਲਟੀਆਂ ਆਈਆਂ ਤੇ ੭੨ ਘੰਟੇ ਬੇਹੋਸ਼ ਰਹੇ । ੧੮ ਬੋਤਲਾਂ ਖ਼ੂਨ ਦੀਆਂ ਤੇ ੭ ਬੋਤਲਾਂ ਗੁਲੂਕੋਜ਼ ਦੀਆਂ ਚੜ੍ਹਾਈਆਂ ਗਈਆਂ । ਫਿਰ ਵੀ ਨਿਰਾਸਤਾ ਹੀ ਹੋਈ । ਡਾਕਟਰਾਂ ਨੇ ਜੁਆਬ ਦੇ ਦਿਤਾ । ਪਰ ਵਾਹਿਗੁਰੂ ਨੇ ਤਾਂ ਇਸ ਪਿਆਰੇ ਕੋਲੋਂ ਹੋਰ ਹੀ ਸੇਵਾ ਲੈਣੀ ਸੀ । ਆਪਣੇ ਸੇਵਕ ਨੂੰ ਹੱਥ ਦੇ ਕੇ ਰਖਿਆ । ਭਾਈ ਸਾਹਿਬ ਜੀਵਨ ਸਿੰਘ ਜੀ ਰਾਗੀ ਲੁਧਿਆਣੇ ਵਾਲੇ (ਅਜ ਕਲ ਪਟਨਾ ਸਾਹਿਬ) ਜੀ ਨੇ ਆਪ ਦੇ ਨਮਿਤ ਅਰਦਾਸ ਕੀਤੀ ਤੇ ਆਪ ਅਰੋਗ ਹੋ ਗਏ । ਫਿਰ ਕਲਕਤੇ ਤੋਂ ਹੁਸ਼ਿਆਰਪੁਰ ਆਏ । ਇਥੇ ਦਾਸ ਨਾਲ ਤੇ ਹੋਰ ਸਿੰਘਾਂ ਨਾਲ ਮੇਲ-ਮਿਲਾਪ ਹੋਇਆ ਅਤੇ ਗੁਰਸਿਖ ਸੰਗਤਾਂ ਵਿਚ ਵਿਚਰਨ ਲਗੇ ।

ਆਪ ਜੀ ਇਕ ਬੀਰ-ਰਸੀ ਗੁਰਮੁਖ ਰੂਹ ਸਨ । ਅਸਾਂ ਦੋਹਾਂ ਨੇ ਸ਼ਸਤਰ-ਵਿਦਿਆ ਸਿਖਣ ਦਾ ਮਨ ਬਣਾਇਆ ਤੇ ਰੋਜ਼ਾਨਾ ੭ ਮੀਲ ਦੀ ਦੂਰੀ ਤੇ ਰਹਿੰਦੇ ਇਕ ਸਿੰਘ ਪਾਸੋਂ ਸ਼ਸਤਰ-ਵਿਦਿਆ ਸਿਖਣ ਜਾਂਦੇ ਰਹੇ । ਸਤਿਗੁਰੂ ਜੀ ਨੇ ਕਿਰਪਾ ਕੀਤੀ ਤੇ ਦਾਸਾਂ ਨੂੰ ਇਹ ਦਾਤ ਬਖਸ਼ੀ । ਕਿਉਂਕਿ ਬੀਮਾਰੀ ਵਿਚ ਆਪ ਦੇ ਪੇਟ ਦਾ ਅਪ੍ਰੇਸ਼ਨ ਹੋਇਆ ਤੇ ਰੋਮਾਂ ਦੀ ਬੇਅਦਬੀ ਵੀ ਹੋਈ ਸੀ, ਇਸ ਲਈ ਆਪ ਨੇ ੧੯੭੩ ਵਿਚ ਜਲੰਧਰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਮਾਗਮ ਵਿਚ ਦੁਬਾਰਾ ਅੰਮ੍ਰਿਤ ਛਕਿਆ । ਇਸ ਤੋਂ ਬਾਅਦ ਗੁਰਸਿਖੀ ਦੀ ਤੀਬਰ ਲਗਨ ਲਗੀ । ਪੰਜ ਬਾਣੀਆਂ ਆਪ ਜੀ ਨੂੰ ਕੰਠ ਸਨ ਤੇ ਆਸਾ ਦੀ ਵਾਰ ਤੇ ਸੁਖਮਨੀ ਸਾਹਿਬ ਦਾ ਪਾਠ ਵੀ ਨਿਤ ਕਰਦੇ ਸਨ । ਹੋਰ ਵੀ ਬਾਣੀਆਂ ਦਾ ਪਾਠ ਆਪ ਕਰਿਆ ਕਰਦੇ ਸਨ । ਗੁਰਬਾਣੀ ਤੇ ਅਗਾਧ ਸ਼ਰਧਾ ਸੀ ।

ਇਕ ਵਾਰ ਹੁਸ਼ਿਆਰਪੁਰ ਆਪਣੇ ਗ੍ਰਹਿ ਵਿਖੇ ਬੀਮਾਰ ਹੋ ਗਏ । ਪੇਟ ਵਿਚ ਸਖ਼ਤ ਦਰਦ ਸ਼ੁਰੂ ਹੋ ਗਿਆ । ਮਾਤਾ ਜੀ ਨੇ ਕਿਹਾ ਕਿ ਕਾਕਾ ਮੈਂ ਡਾਕਟਰ ਨੂੰ ਬੁਲਾ ਲਿਆਂਦੀ ਹਾਂ । ਪਰ ਆਪ ਨੇ ਛੋਟੀ ਭੈਣ ਨੂੰ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਕਿਹਾ ।



www.AKJ.Org

ਦੋ ਤਿੰਨ ਘੰਟੇ ਗੁਰਬਾਣੀ ਦੀ ਮਧੁਰ ਧੁਨੀ ਆਪ ਦੇ ਕੰਨਾਂ ਵਿਚ ਪਈ ਤੇ ਆਪ ਨੂੰ ਨੀਂਦ ਆ ਗਈ। ਸਵੇਰੇ ਉਠੇ ਤਾਂ ਬਿਲਕੁਲ ਨੌ-ਬਰ-ਨੌ ਸਨ। ਬਾਣੀ ਨਾਲ ਐਸਾ ਗੂੜ੍ਹਾ ਪਿਆਰ ਸੀ।

ਇਸੇ ਤਰ੍ਹਾਂ ਪਿਤਾ ਜੀ ਦੇ ਕਹਿਣ ਤੇ ਫਿਰ ਕਲਕਤੇ ਚਲੇ ਗਏ ਤੇ ਘਰੇਲੂ ਕੰਮਾਂ ਵਿਚ ਹੀ ਹੱਥ ਵਟਾਣ ਲਗੇ। ਉਥੇ ਵੀ ਬਾਣੀ ਪੜ੍ਹਦਿਆਂ ਤੇ ਗੁਰਸਿਖਾਂ ਵਿਚ ਵਿਚਰਦਿਆਂ ਸਮਾਂ ਬਤੀਤ ਕੀਤਾ। ਭਾਣੇ ਅੰਦਰ ਹੀ ਆਪ ਫਿਰ ਸਖ਼ਤ ਬੀਮਾਰ ਹੋ ਗਏ। ਦੁਬਾਰਾ ਖ਼ੂਨ ਦੀਆਂ ਉਲਟੀਆਂ ਆਣੀਆਂ ਸ਼ੁਰੂ ਹੋ ਗਈਆਂ। ਸਰੀਰ ਤੇ ਬੜਾ ਕਸ਼ਟ ਆਇਆ। ਬਚਣ ਦੀ ਬਿਲਕੁਲ ਹੀ ਆਸ ਨਾ ਰਹੀ। ਭਾ: ਕੇਵਲ ਸਿੰਘ ਜੀ ਨੇ ਦਾਸ ਨੂੰ ਆਪ ਦਸਿਆ ਸੀ ਕਿ ਜਦੋਂ ਮੇਰੀ ਐਸੀ ਹਾਲਤ ਹੋ ਗਈ ਕਿ ਮੈਨੂੰ ਪਰਤੱਖ ਮੌਤ ਸਾਹ-ਮਣੇ ਖੜੀ ਦਿਸਣ ਲਗੀ ਤਾਂ ਮੈਂ ਗੁਰੂ ਚਰਨਾਂ ਵਿਚ ਇਹ ਅਰਜ਼ੋਈ ਕੀਤੀ, ਕਿ "ਹੇ ਸੱਚੇ ਪਾਤਸ਼ਾਹ ਜੀਓ! ਮਰਨਾ ਤਾਂ ਇਕ ਦਿਨ ਹੈ ਹੀ, ਪਰ ਪਿਤਾ ਜੀ! ਮੈਨੂੰ, ਇਸ ਮੌਤੇ ਨਾ ਮਾਰੋ। ਇਹ ਤਾਂ ਕੁੱਤਿਆਂ ਬਿੱਲਿਆਂ ਵਾਲੀ ਮੌਤ ਹੈ। ਪਿਤਾ ਜੀਓ! ਮੈਨੂੰ ਰਣ-ਤਤੇ ਵਿਚ ਸ਼ਹੀਦੀਆਂ ਬਖਸ਼ ਕੇ ਜਨਮ ਮਰਨ ਤੋਂ ਮੁਕਤ ਕਰਨਾ ਜੀ। ਮੇਰਾ ਸਰੀਰ ਆਪ ਦੀ ਸੇਵਾ ਕਰਦਿਆਂ ਲੇਖੇ ਲਗੇ।" ਕਿਤਨਾ ਚਿਰ ਉਹਨਾਂ ਇਹ ਅਰਦਾਸ ਵੈਰਾਗ ਵਿਚ ਕੀਤੀ ਤੇ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਸੁਣ ਲਈ। ਆਪ ਫਿਰ ਰਾਜ਼ੀ ਹੋ ਗਏ।

ਆਪ ਜੀ ਨੂੰ ਸ਼ਸਤਰ-ਵਿਦਿਆ ਤੇ ਸ਼ਸਤਰਾਂ ਦਾ ਬਹੁਤ ਹੀ ਸ਼ੌਕ ਸੀ। ਇਸ ਦੀ ਮਿਸਾਲ ਇਹ ਹੈ ਕਿ ਜਿਹੜਾ ਵੀ ਸ਼ਸਤਰ ਚੰਗਾ ਇਹਨਾਂ ਦੀ ਨਿਗਾਹ ਵਿਚ ਆਣਾ, ਇਹਨਾਂ ਉਹ ਲੈ ਲੈਣਾ, ਭਾਵੇਂ ਕਿੰਨੀ ਵੀ ਕੀਮਤ ਦੇਣੀ ਪਵੇ ਤੇ ਇਉਂ ਇਹ ਬੀਰ-ਰਸੀ ਦੋਹਿਰਾ ਪੜ੍ਹਨਾ—

ਅਸ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਥੀ ਯਹੈ ਹਮਾਰੇ ਪੀਰ ।੩।
ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਰਵਾਰ।
ਨਾਮ ਤਿਹਾਰੋ ਜੋ ਜਪੈ, ਭਯੇ ਸਿੰਧ ਭਵ ਪਾਰ ।੪।
ਕਾਲ ਤੁਹੀ ਕਾਲੀ ਤੁਹੀ, ਤੁਹੀ ਤੇਗ ਅਰ ਤੀਰ।
ਤੁਹੀ ਨਿਸ਼ਾਨੀ ਜੀਤ ਕੀ ਆਜ ਤੁਹੀ ਜਗ ਬੀਰ ।੫।
[ਸ਼ਸਤਰ ਮਾਲਾ ਪਾ: ੧੦

ਜਿਥੇ ਆਪ ਜੀ ਵਿਚ ਇਤਨਾ ਬੀਰ-ਰਸੀ ਪਿਆਰ ਸੀ ਉਥੇ ਆਪ ਜੀ ਵਿਚ ਨਾਮ ਬਾਣੀ ਦਾ ਪਿਆਰ ਵੀ ਰੱਜ ਰੱਜ ਕੇ ਸੀ। ਜੇ ਕਿਸੇ ਵੇਲੇ ਸਿੰਘਾਂ ਨੂੰ ਗੁੱਸੇ ਵਿਚ ਕੋਈ ਗੱਲ ਕਹਿ ਵੀ ਦੇਣੀ ਤਾਂ ਝਟ ਹੀ ਪਿੱਛੋਂ ਹੱਥ ਜੋੜ ਕੇ ਨਿੰਮਰਤਾ ਵਿਚ ਆ ਜਾਣਾ ਤੇ ਮੁਆਫ਼ੀ ਮੰਗ ਲੈਣੀ। ਗੁਰਸਿੱਖਾਂ ਨੂੰ ਰੱਜ ਰੱਜ ਪਿਆਰ ਕਰਨਾ ਤੇ ਦੇਖ ਦੇਖ ਜੀਣਾ। ਘਰ ਦੇ ਜੀਆਂ ਨਾਲ ਬਹੁਤਾ ਲਗਾਓ ਨਹੀਂ ਸੀ, ਬਸ ਲੋੜ ਜੋਗਾ ਹੀ ਸੀ। ਕਿਸੇ ਵੇਲੇ ਘਰ ਦਿਆਂ ਨੇ ਕਹਿਣਾ ਕਿ ਤੂੰ ਹਰ ਵੇਲੇ ਸਿੰਘਾਂ ਵਿਚ ਹੀ ਘੁੰਮਦਾ ਰਹਿੰਦਾ ਹੈਂ ਤੇ ਹੋਰ ਤੈਨੂੰ ਕੋਈ ਕੰਮ ਨਹੀਂ। ਤਾਂ ਕਹਿਣਾ ਕਿ ਬਸ ਸਿੰਘ ਮੇਰੇ ਆਪਣੇ ਹਨ ਤੇ ਮੈਂ ਸਿੰਘਾਂ ਜੋਗਾ ਹੀ ਹਾਂ। ਮੈਨੂੰ ਕੁਝ ਨਾ ਕਿਹਾ ਕਰੋ।

ਘਰ ਵਿਚ ਲਖਾਂ ਦੀ ਜਾਇਦਾਦ ਹੈ, ਕਿਸੇ ਗੱਲ ਦੀ ਕੋਈ ਪ੍ਰਵਾਹ ਨਹੀਂ, ਪਰ ਆਪ ਬਿਲਕੁਲ ਬੇ-ਪ੍ਰਵਾਹ ਸਨ ਤੇ ਫ਼ਕੀਰਾਂ ਵਾਲਾ ਜੀਵਨ ਸੀ। ਪੈਸੇ ਦਾ ਰੱਤੀ ਭਰ ਵੀ ਲਾਲਚ ਨਹੀਂ ਸੀ। ਇਕ ਵਾਰ ਮੈਂ ਸਹਿਜ ਸੁਭਾ ਹੀ ਕਿਹਾ ਕਿ ਕੇਵਲ ਸਿੰਘ, ਤੂੰ ਕੋਈ ਕੰਮ ਤਾਂ ਕਰਦਾ ਨਹੀਂ, ਨਾ ਹੀ ਘਰ ਦਿਆਂ ਦਾ ਕਹਿਣਾ ਮੰਨਦਾ ਹੈਂ, ਇਸ ਕਰਕੇ ਤੈਨੂੰ ਉਹਨਾਂ ਆਪਣੀ ਜਾਇਦਾਦ ਵਿਚੋਂ ਕੁਝ ਨਹੀਂ ਦੇਣਾ। ਤਾਂ ਉਤਰ ਦਿਤਾ ਕਿ ਭਾਈ ਸਾਹਿਬ, ਮੈਨੂੰ ਕੋਈ ਲੋੜ ਹੀ ਨਹੀਂ, ਮੈਂ ਜੜੀ ਜਾਇਦਾਦ ਕੀ ਕਰਨੀ ਹੈ! ਮੈਂ ਤਾਂ ਸਾਰੀ ਉਮਰ ਗੁਰਸਿਖਾਂ ਵਿਚ ਹੀ ਵਿਹਾਣੀ ਹੈ, ਸਿੰਘਾਂ ਨੂੰ ਦੇਖ ਦੇਖ ਹੀ ਜੀਣਾ ਹੈ। ਆਪ ਜੀ ਝੂਠ ਬਿਲਕੁਲ ਹੀ ਨਹੀਂ ਸਨ ਬੋਲਦੇ ਤੇ ਝੂਠ ਬੋਲਣ ਦੇ ਸਖ਼ਤ ਖ਼ਿਲਾਫ਼ ਸਨ।

ਨਵੰਬਰ ੧੯੭੭ ਵਿਚ ਹੁਸ਼ਿਆਰਪੁਰ ਫਿਰ ਆ ਗਏ ਤੇ ਘਰੇਲੂ ਕੰਮਾਂ ਵਿਚ ਹੀ ਰੁਚੀ ਰਹੀ। ਪਰ ਸਿੰਘਾਂ ਨੇ ਕਹਿਣਾ ਕਿ ਭਾਈ ਕੇਵਲ ਸਿੰਘ! ਬਿਲਕੁਲ



www.AKJ.Org

ਵਿਹਲਾ ਨਾ ਰਹੋ ਤੇ ਕੋਈ ਛੋਟਾ ਮੋਟਾ ਕੰਮ ਆਪ ਵੀ ਕਰ। ਤਾਂ ਆਪ ਨੇ ਇਸ ਘਟਨਾ ਤੋਂ ਦੋ ਮਹੀਨੇ ਪਹਿਲਾਂ ਇਕ ਦੁਕਾਨ ਤੇ ਸਰਵਿਸ ਕਰ ਲਈ। ਸਿੰਘਾਂ ਨੂੰ ਕਹਿਣ ਲਗੇ ਕਿ ਪਹਿਲੀ ਤਨਖ਼ਾਹ ਵਿਚੋਂ ਸਿੰਘਾਂ ਨੂੰ ਲੰਗਰ ਤੇ ਆਈਸ ਕਰੀਮ ਖੁਆਣੀ ਹੈ। ਪਰ ਅਫਸੋਸ ! ਕਿ ਉਹ ਆਪਣੇ ਹਥੀਂ ਇਹ ਸੇਵਾ ਨਹੀਂ ਕਰ ਸਕੇ ਤੇ ਸ਼ਹੀਦੀ ਬਾਟੇ ਪੀ ਗਏ। ਪਿਛੋਂ ਪਰਵਾਰ ਨੇ ਉਹਨਾਂ ਦੀ ਇਹ ਇੱਛਾ ਪੂਰੀ ਕੀਤੀ ਹੈ ਤੇ ਸਿੰਘਾਂ ਨੇ ਵੈਰਾਗ ਵਿਚ ਲੰਗਰ ਪਾਣੀ ਛਕਿਆ ਹੈ।

ਆਪ ਜੀ ਨੂੰ ਤਬਲੇ ਦਾ ਵੀ ਸ਼ੌਕ ਸੀ ਤੇ ਕੀਰਤਨ ਵੀ ਕਰ ਲੈਂਦੇ ਸਨ। ਵਾਹਿਗੁਰੂ ਤੇ ਅਟੱਲ ਭਰੋਸਾ ਸੀ। ਕੀਰਤਨ ਵੀ ਪਿਆਰ ਨਾਲ ਕਰਿਆ ਕਰਦੇ ਸਨ। ਇਸ ਘਟਨਾ ਤੋਂ ੧੦ ਮਿੰਟ ਪਹਿਲਾਂ ਵੀ ਮੈਂ ਆਪ ਨੂੰ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਦੇਖਿਆ। ਭਾਈ ਫ਼ੌਜਾ ਸਿੰਘ ਜੀ ਤੇ ਕੇਵਲ ਸਿੰਘ ਜੀ ਇਕੱਠੇ ਹੀ ਸਨ, ਗੋਲੀਆਂ ਖਾਂਦੇ ਖਾਂਦੇ ਭਾਈ ਫ਼ੌਜਾ ਸਿੰਘ ਜੀ ਡਿਗ ਪਏ ਤਾਂ ਵੀਰ ਕੇਵਲ ਸਿੰਘ ਜੀ ਉਨ੍ਹਾਂ ਉਪਰ ਹੀ ਲੇਟ ਗਏ ਕਿ ਹੁਣ ਜ਼ਾਲਮ ਹੋਰ ਡਾਂਗ ਸੋਟੇ ਨਾ ਮਾਰ ਸਕਣ। ਪਰ ਜ਼ਾਲਮ ਨਿਰੰਕਾਰੀਆਂ, ਨਰਕਧਾਰੀਆਂ ਨੇ ਵੀਰ ਕੇਵਲ ਸਿੰਘ ਜੀ ਨੂੰ ਵੀ ਗੋਲੀਆਂ ਨਾਲ ਭੁੰਨ ਦਿਤਾ ਅਤੇ ਆਪ ਸ਼ਹੀਦੀ ਪਾ ਗਏ।

ਆਪ ਜੀ ਦਾ ਇਕ ਵਡਾ ਭਾਈ ਜਗਜੀਤ ਸਿੰਘ ਹੈ ਜੋ ਕਿ ਪੂਰਨ ਗੁਰਸਿਖ ਅਤੇ ਨਿਤਨੇਮੀ ਹੈ। ਆਪ ਜੀ ਦੀਆਂ ਤਿੰਨ ਭੈਣਾਂ ਹਨ, ਜੋ ਕਿ ਵਿਆਹੀਆਂ ਹੋਈਆਂ ਹਨ। ਭਾਵੇਂ ਆਪ ਦਾ ਵਿਛੋੜਾ ਪਰਵਾਰ ਲਈ ਅਸਹਿ ਹੈ, ਪਰ ਆਪ ਦੀ ਕੁਰਬਾਨੀ ਬੇ-ਮਿਸਾਲ ਹੈ ਤੇ ਆਣ ਵਾਲੀਆਂ ਨਸਲਾਂ ਲਈ ਚਾਨਣ-ਮੁਨਾਰਾ ਹੈ। ਚਾਰ ਲਾਈਨਾਂ ਲਿਖ ਕੇ ਸਮਾਪਤ ਕਰਦਾ ਹਾਂ।

ਧਰਮ ਦੀ ਖ਼ਾਤਰ ਕੇਵਲ ਸਿੰਘ ਜੀ,
ਗਏ ਸ਼ਹੀਦੀ ਪਾ।
ਖ਼ੂਨ ਆਪਣਾ ਡੋਲ੍ਹ ਕੇ,
ਸੁੱਤੀ ਕੌਮ ਨੂੰ ਗਏ ਜਗਾ।
ਅਦਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ,
ਇੰਜ ਰਖੀਦੈ ਕਾਇਮ,
ਪੁਰਜ਼ਾ ਪੁਰਜ਼ਾ ਕਟ ਮਰਨ ਦੇ,
ਗਏ ਪੂਰਨੇ ਪਾ।

----

## ਸ੍ਰੀ ਅੰਮ੍ਰਿਤਸਰ ਦੇ ਸ਼ਹੀਦ

[ਵਲੋਂ—ਸ: ਪਿਆਰਾ ਸਿੰਘ ਜੀ ਨਿਰਛਲ, ਭਗਤ ਸਿੰਘ ਪੁਰਾ, ਅੰਮ੍ਰਿਤਸਰ]

ਲਹੂ ਡੋਲ੍ਹ ਕੇ ਆਪਣੀ ਛਾਤੀ ਦਾ,
ਇਕ ਜੋਤ ਜਗਾਈ ਮਰਦਾਂ ਨੇ।
ਉਹ ਮੌਤ ਨੂੰ ਵੇਖ ਕੇ ਡੋਲੇ ਨਾ,
ਨਾ ਅੱਖ ਚੁਰਾਈ ਮਰਦਾਂ ਨੇ।੧।

ਸੁਣ ਸੁਣ ਕੇ ਨਿੰਦਿਆ ਗੁਰੂ ਘਰ ਦੀ,
ਭੁਲ ਗਏ ਸਾਂ ਕਰਨੀ ਗੁਰੂਆਂ ਦੀ।
ਜੋ ਗੂਹੜੀ ਨੀਂਦੇ ਸੁੱਤੀ ਸੀ,
ਉਹ ਕੌਮ ਜਗਾਈ ਮਰਦਾਂ ਨੇ।੨।

ਕਈ ਮੌਤ ਨੂੰ ਵੇਖ ਕੇ ਡਰਦੇ ਨੇ,
ਜ਼ਿੰਦਗੀ ਲਈ ਤਰਲੇ ਲੈਂਦੇ ਨੇ।
ਸਿੱਖੀ ਲਈ ਆਪਣੀ ਤਲੀ ਉਤੇ,
ਹੈ ਜਾਨ ਟਿਕਾਈ ਮਰਦਾਂ ਨੇ।੩।

ਛਾਤੀ ਤੇ ਇੰਜਣ ਰੋਕਣ ਦੀ,
[illegible]

ਉਹ ਤਾਜ਼ਾ ਕਰ ਕੇ ਦਸ ਦਿਤੀ,
ਜੋ ਜੁਰਅਤ ਵਿਖਾਈ ਮਰਦਾਂ ਨੇ।੪।

ਗੁਰ ਘਰ ਦੀ ਨਿੰਦਿਆ ਸੁਣ ਕੇ ਤੇ,
ਝੱਟ ਰੋਕਣ ਉਸ ਨੂੰ ਦੌੜ ਪਏ।
ਸੀਨੇ ਵਿਚ ਗੋਲੀ ਖਾਣ ਲਈ,
ਨਾ ਡੇਰ ਲਗਾਈ ਮਰਦਾਂ ਨੇ।੫।

ਹੈ ਮੰਜ਼ਲ ਰੌਸ਼ਨ ਕਰ ਦਿਤੀ,
ਸੜਵਾ ਕੇ ਖੰਭ ਪ੍ਰਵਾਨਿਆਂ ਨੇ।
ਨਹੀਂ ਜਣੇ ਖਣੇ ਨੂੰ ਮਿਲ ਸਕਦੀ,
ਜੋ ਪਦਵੀ ਪਾਈ ਮਰਦਾਂ ਨੇ।੬।

'ਨਿਰਛਲ' ਉਹ ਠੀਕ ਨਿਭਾ ਗਏ ਨੇ,
ਹੁਣ ਸਭ ਜ਼ਿੰਮੇਵਾਰੀ ਸਾਡੀ ਏ।
ਕੀ ਓਦਾਂ ਅਸੀਂ ਨਿਭਾਵਾਂਗੇ,
[illegible]

www.AKJ.Org

# ਸ਼ਹੀਦ ਭਾਈ ਪਿਆਰਾ ਸਿੰਘ ਜੀ, ਭੁੰਗਰਨੀ

ਆਹ ! ਭਾਈ ਪਿਆਰਾ ਸਿੰਘ, ਜੋ ੧੩ ਅਪ੍ਰੈਲ ੧੯੭੮ ਨੂੰ ਅੰਮ੍ਰਿਤਸਰ ਵਿਚ ਹੋਏ ਖ਼ੂਨੀ ਸਾਕੇ ਵਿਚ ਸ਼ਹੀਦ ਹੋ ਗਏ ।

ਆਪ ਜੀ ਦਾ ਜਨਮ ੨ ਫ਼ਰਵਰੀ ੧੯੫੪ ਨੂੰ ਸਰਦਾਰ ਕਿਸ਼ਨ ਸਿੰਘ ਦੇ ਗ੍ਰਹਿ ਵਿਖੇ ਹੋਇਆ । ਆਪ ਦੀ ਮਾਤਾ ਦਾ ਨਾਮ ਮਾਈ ਭਾਗੋ ਹੈ । ਆਪ ਦੀਆਂ ਦੋ ਭੈਣਾਂ ਅਤੇ ਦੋ ਭਰਾ ਪਿਛੇ ਹਨ । ਇਹਨਾਂ ਭੈਣਾਂ ਵਿਚੋਂ ਇਕ ਭੈਣ ਵਿਆਹੀ ਹੋਈ ਹੈ ਅਤੇ ਇਕ ਭੈਣ ਅਮਰੀਕਾ ਵਿਚ ਏਅਰ ਫ਼ੋਰਸ ਵਲੋਂ ਚੁਣ ਹੋ ਕੇ ਨਰਸ ਦਾ ਕੋਰਸ ਕਰ ਰਹੀ ਹੈ । ਆਪ ਦਾ ਇਕ ਭਰਾ ਤਕਰੀਬਨ ਇਕ ਮਹੀਨਾ ਹੋਇਆ, ਏਅਰ ਫ਼ੋਰਸ ਵਿਚ ਭਰਤੀ ਹੋਇਆ, ਜੋ ਹੁਣ ਲਈਂ ਪਿੰਡ ਭੁੰਗਰਨੀ ਨਹੀਂ ਪਹੁੰਚ ਸਕਿਆ । ਆਪ ਦੇ ਪਿਤਾ ਘਰ ਵਿਚ ਕ੍ਰਿਸਾਣੀ ਦਾ ਕੰਮ ਕਰਦੇ ਹਨ ।

ਆਪ ਦਸਵੀਂ ਪਾਸ ਕਰ ਕੇ ਜੂਨ ੧੯੭੧ ਵਿਚ ਏਅਰ ਫ਼ੋਰਸ ਵਿਚ ਭਰਤੀ ਹੋ ਗਏ । ਆਪ ਇਕ ਹੋਣਹਾਰ ਨੌਜਵਾਨ ਸਨ । ਆਪ ਜਿੰਨਾ ਚਿਰ ਏਅਰ ਫ਼ੋਰਸ ਵਿਚ ਰਹੇ, ਆਪਣੇ ਅਫ਼ਸਰਾਂ ਨਾਲ ਬੜੇ ਮਿਲਣਸਾਰ ਅਤੇ ਬਹੁਤ ਮਿਲਾਪ ਵਾਲੇ ਸਨ । ਆਪ ਜਦੋਂ ਵੀ ਪਿੰਡ ਭੁੰਗਰਨੀ ਛੁਟੀ ਆਉਂਦੇ ਸਨ, ਕੀਰਤਨ ਦੀਆਂ ਰਸਭਿੰਨੀਆਂ ਝੁਣਕਾਰਾਂ ਪੈਂਦੀਆਂ ਹੀ ਰਹਿੰਦੀਆਂ ਸਨ। ਆਪ ਨੇ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ, ਜੋ ਸਿਖ ਕੌਮ ਦੇ ਪਰਖੇ ਹੋਏ ਹੀਰੇ ਸਨ, ਦੇ ਜਥੇ ਪਾਸੋਂ ਅੰਮ੍ਰਿਤ ਛਕਿਆ ਸੀ । ਆਪ ਸਦਾ ਹੀ ਨਾਮ ਅਭਿਆਸ ਵਿਚ ਰੁਝੇ ਰਹਿੰਦੇ ਸਨ, ਕਦੀ ਕਿਸੇ ਨਾਲ ਲੜਦੇ ਝਗੜਦੇ ਨਹੀਂ ਸੀ । ਬੜੇ ਹੀ ਧੀਰਜ ਵਾਲੇ ਵਿਅਕਤੀ ਸਨ । ਭਾਈ ਸਾਹਿਬ ਕੌਮ ਦੇ ਛੁਪੇ ਹੋਏ ਹੀਰਿਆਂ ਵਿਚੋਂ ਇਕ ਸਨ । ਉਹਨਾਂ ਦੀ ਸ਼ਹੀਦੀ ਉਸ ਸਮੇਂ ਹੋਈ ਜਦੋਂ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਨਰੈਣੂ ਨੇ ਸ੍ਰੀ ਗੁਰੂ ਗਰੰਥ ਸਾਹਿਬ, ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਿਲਾਫ਼ ਖੁਲ੍ਹਮ ਖੁਲ੍ਹਾ ਪ੍ਰਚਾਰ ਵਿਸਾਖੀ ਤੇ ਸਿਖਾਂ ਦੇ ਕੇਂਦਰ ਅੰਮ੍ਰਿਤਸਰ ਵਿਖੇ ਕਰਨਾ ਸ਼ੁਰੂ ਕੀਤਾ । ਇਹ ਪ੍ਰਚਾਰ ਸਿਖ ਕੌਮ ਲਈ ਖੁਲ੍ਹਾ ਚੈਲੰਜ ਸੀ ।

ਆਪ ਜੀ ਦੀ ਸ਼ਹੀਦੀ ਸਿਖ ਕੌਮ, ਜੋ ਸੁਤੀ ਤੇ ਅਵੇਸਲੀ ਹੋਈ ਪਈ ਹੈ, ਨੂੰ ਸਾਵਧਾਨ ਕਰਨ ਅਤੇ ਹਲੂਣਾ ਦੇਣ ਲਈ ਹੋਈ ਹੈ ।

ਇਹ ਗੁਰੂ ਕੇ ਬੜੇ ਗੁਝੇ ਲਾਲ ਸਨ । ਆਪ ਸੰਗਤਾਂ ਵਿਚ ਲੁਕ ਛਿਪ ਕੇ ਹੀ ਰਹਿੰਦੇ ਸਨ । ਆਪਾ ਬਿਲਕੁਲ ਨਹੀਂ ਜਣਾਉਂਦੇ ਸਨ । ਆਪ ਜੀ ਅਖੰਡ ਕੀਰਤਨੀ ਜੱਥਿਆਂ ਦੇ ਸਮਾਗਮ ਵਿਚ ਬੜੇ ਉਤਸ਼ਾਹ ਨਾਲ ਪੁਜਦੇ ਸਨ; ਜਿਥੋਂ ਨਾਮ ਸਿਮਰਨ ਦੀ ਸਿਕ ਦਿਨੋ ਦਿਨ ਵਧਦੀ ਗਈ ਅਤੇ ਆਪ ਸਾਦ-ਮੁਰਾਦੀ ਗੁਪਤ ਦਸ਼ਾ ਵਿਚ ਵਿਚਰਨ ਲਗੇ । ਜਿਥੇ ਕਿਤੇ ਅਖੰਡ ਕੀਰਤਨ ਸਮਾਗਮ ਦੀ ਸੋਅ ਸੁਣਨੀ ਉਥੇ ਧਾਹ ਕੇ ਪੁਜਣਾ । ਆਮ ਤੌਰ ਤੇ ਇਕਾਂਤ ਵਿਚ ਹੀ ਵਿਚਰਦੇ ਸਨ ਅਤੇ ਘਟ ਹੀ ਬੋਲਦੇ ਚਾਲਦੇ ਸਨ । ਹਰ ਵੇਲੇ ਨਾਮ-ਸਿਮਰਨ ਵਿਚ ਮਗਨ ਰਹਿੰਦੇ ਸਨ ।

ਆਪਣੇ ਦਸਵੰਧ ਨੂੰ ਵਧ ਤੋਂ ਵਧ ਸਫਲ ਕਰਦੇ ਰਹਿੰਦੇ ਸਨ ਅਤੇ ਗੁਰਮਤਿ ਪਰਚਾਰ ਹਿਤ ਹਰ ਮਹੀਨੇ 'ਸੂਰਾ' ਮਾਸਕ ਪੱਤਰ ਨਵੇਂ ਨਵੇਂ ਪ੍ਰਾਣੀਆਂ ਨੂੰ ਪ੍ਰੇਰਨ ਲਈ, ਆਪਣੇ ਕੋਲੋਂ ਚੰਦੇ ਭੇਜ ਕੇ, ਪਰਚਾ ਉਨ੍ਹਾਂ ਦੇ ਨਾਂ ਜਾਰੀ ਕਰਵਾਂਦੇ ਰਹਿੰਦੇ ਸਨ । ਆਪਣੇ ਨਗਰ ਵਿਚ ਵੀ ਇਸ ਵੀਰ ਨੇ 'ਸੂਰਾ' ਮਾਸਕ ਪਤਰ ਕਈਆਂ ਦੇ ਨਾਂ ਜਾਰੀ ਕਰਵਾਇਆ ਅਤੇ ਆਪਣੀ ਹੈਦਰਾਬਾਦ ਯੂਨਿਟ ਵਿਚ ਵੀ ਕਈਆਂ ਦੇ ਨਾਂ ਪਰਚਾ ਜਾਰੀ ਕਰਵਾਇਆ ।

ਹੈਰਾਨੀ ਦੀ ਗੱਲ ਇਹ ਹੈ ਕਿ ਬਹੁਤ ਥੋੜੇ ਨਿਕਟਵਰਤੀ ਸਜਣ ਹੀ ਜਾਣਦੇ ਹਨ ਕਿ ਇਹ ਵੀਰ ਇਕ ਚੰਗਾ ਰਸੀਲਾ ਕੀਰਤਨੀਆ ਵੀ ਸੀ, ਪਰ ਉਸ ਵੀਰ ਨੇ ਆਪਣਾ ਆਪ ਕਦੀ ਕਿਸੇ ਨੂੰ

[ਬਾਕੀ ੧੯ ਸਫ਼ੇ ਦੇ ਹੇਠ]



www.AKJ.Org

# ਸ਼ਹੀਦ ਗਿ: ਹਰੀ ਸਿੰਘ ਜੀ, ਸ੍ਰੀ ਅੰਮ੍ਰਿਤਸਰ

(ਵਲੋਂ—ਭਾਈ ਜਸਬੀਰ ਸਿੰਘ ਸਪੁਤਰ ਸ਼ਹੀਦ ਭਾਈ ਹਰੀ ਸਿੰਘ ਜੀ)

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

[ਮਾਰੂ, ਸਲੋਕ ਕਬੀਰ ਜੀ

ਗਿ: ਹਰੀ ਸਿੰਘ ਜੀ ਦਾ ਜਨਮ ੧੭ ਜੂਨ ੧੯੨੩ ਨੂੰ ਪਿੰਡ ਜੰਡਾਂ ਵਾਲੇ, ਤਸੀਲ ਖਾਰੀਆਂ, ਜ਼ਿਲਾ ਗੁਜਰਾਤ ਵਿਖੇ ਮਾਤਾ ਭਾਗ ਕੌਰ ਜੀ ਦੀ ਕੁਖੋਂ ਹੋਇਆ। ਇਸੇ ਭਾਗਾਂ ਭਰੇ ਦਿਹਾੜੇ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਅਰੰਭ ਹੋਈ ਸੀ, ਆਪ ਦੇ ਪਿਤਾ ਗਿ: ਗੁਰਚਰਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਖੇ ਆਪਣਾ ਕਾਰੋਬਾਰ ਕਰਦੇ ਸਨ। ਆਪ ਨੇ ਆਪਣੀ ਮੁਢਲੀ ਵਿਦਿਆ ਪ੍ਰਾਇਮਰੀ ਤੋਂ ਮੈਟ੍ਰਿਕ ਤਕ ਸ੍ਰੀ ਗੁਰੂ ਰਾਮਦਾਸ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਸ੍ਰੀ ਅੰਮ੍ਰਿਤਸਰ ਵਿਖੇ ਹੀ ਪ੍ਰਾਪਤ ਕੀਤੀ। "ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ" ਦੇ ਹੁਕਮ ਅਨੁਸਾਰ ਆਪ ਆਪਣੀ ਛੋਟੀ ਜਿਹੀ ਉਮਰ (੧੧ ਸਾਲ ਦੇ ਕਰੀਬ) ਵਿਚ ਹੀ ਅੰਮ੍ਰਿਤ ਪਾਨ ਕਰ ਕੇ ਤਿਆਰ ਬਰ ਤਿਆਰ ਸਿੰਘ ਸਜੇ।

ਆਪ ਦੇ ਪਿਤਾ ਗਿਆਨੀ ਗੁਰਚਰਨ ਸਿੰਘ ਜੀ ਇਕ ਮਹਾਨ ਆਦਰਸ਼ਵਾਦੀ ਗੁਰਸਿਖ, ਨਿਤਨੇਮੀ ਤੇ ਗੁਰਬਾਣੀ-ਕੀਰਤਨ ਦੇ ਰਸੀਏ ਸਨ ਅਤੇ ਪਿੰਡ ਪਿੰਡ ਜਾ ਕੇ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਨਾਲ ਗੁਰਬਾਣੀ ਦਾ ਪਰਚਾਰ ਕਰਦੇ ਅਤੇ ਅੰਮ੍ਰਿਤ ਛਕਾਣ ਸਮੇਂ ਪੰਚਾਂ ਦੀ ਸੇਵਾ ਵਿਚ ਹਿਸਾ ਪਾਉਂਦੇ ਸਨ।

ਗਿ: ਹਰੀ ਸਿੰਘ ਜੀ ਆਪਣੀ ਆਯੂ ਦੇ ਕੁਛ ਸਮੇਂ ਵਿਚ ੧੯੬੯ ਤਕ ਮੁਨਿਆਰੀ ਤੇ ਕਰਿਆਨੇ ਦਾ ਕਾਰੋਬਾਰ ਕਰਦੇ ਰਹੇ। ਉਪਰੰਤ ਇਸ ਸਮੇਂ ੧੯੬੯ ਤੋਂ ੧੯੭੮ ਤਕ ਇੰਡਸਟ੍ਰੀ ਦੇ ਕਾਰੋਬਾਰ ਵਿਚ ਆਪਣਾ ਉੱਘਾ ਸਥਾਨ ਰਖਦੇ ਸਨ। ਆਪ ਨੂੰ ਵੀ ਗੁਰਬਾਣੀ ਪੜ੍ਹਨ ਸੁਣਨ ਦੀ ਦਾਤਿ ਗੁਰੂ ਮਹਾਰਾਜ ਦੀ ਅਪਾਰ ਬਖ਼ਸ਼ਿਸ਼ ਦੁਆਰਾ ਆਪਣੇ ਪਿਤਾ ਜੀ ਪਾਸੋਂ ਬਚਪਨ ਵਿਚ ਹੀ ਪ੍ਰਾਪਤ ਹੋਈ। ਆਪ ਜਦੋਂ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹਾਜ਼ਰੀ ਭਰਦੇ ਤਾਂ ਅਡੋਲਤਾ ਸਹਿਤ ਕੀਰਤਨ ਵਿਚ

---

(੧੭ ਸਫ਼ੇ ਦੀ ਬਾਕੀ)

ਨਹੀਂ ਜਣਾਇਆ ਸੀ। ਭਾਈ ਸਾਹਿਬ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਇਹ ਵੀਰ ਪੂਰਾ ਉਤਰਿਆ—

ਮੇਰੀ ਛੁਪੇ ਰਹਿਣ ਦੀ ਚਾਹ,
ਤੇ ਛੁਪ ਤੁਰ ਜਾਣ ਦੀ।

ਇਸ ਪਿਆਰੇ ਦੇ ਵਿਛੋੜੇ ਦਾ ਵੈਰਾਗ-ਮਈ ਅਸਰ ਇਸ ਦੇ ਮਾਤਾ ਪਿਤਾ ਤੇ ਇੰਨਾ ਡੂੰਘਾ ਹੋਇਆ ਹੈ ਕਿ ਉਨ੍ਹਾਂ ਨੇ ੨੩ ਅਪ੍ਰੈਲ ੧੯੭੮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸ਼ਹੀਦਾਂ ਦੇ ਪਰਵਾਰਾਂ ਦੇ ਸਨਮਾਨ-ਸਮਾਗਮ ਦੇ ਸੰਬੰਧ ਵਿਚ ਜੁੜੇ ਪੰਥਕ ਇਕੱਠ ਵਿਖੇ, ਆਪਣੇ ਸਪੁੱਤਰ ਵਾਂਗ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਣ ਦਾ ਪ੍ਰਣ ਕੀਤਾ ਹੈ।

ਸ਼ਹੀਦ ਭਾਈ ਪਿਆਰਾ ਸਿੰਘ ਦੀ ਸ਼ਹੀਦੀ ਯਾਦ ਵਿਚ ਪਿੰਡ ਭੁੰਗਰਨੀ ਦੇ ਨਗਰ-ਨਿਵਾਸੀਆਂ ਵਲੋਂ ਭੀ ਬੜਾ ਭਾਰੀ ਸਮਾਗਮ ਹੋਇਆ ਅਤੇ ਸ੍ਰੀ ਅਖੰਡਪਾਠ ਦੇ ਭੋਗ ਪਾਏ ਗਏ। ਇਹ ਸਮਾਗਮ ਪਿੰਡ ਭੁੰਗਰਨੀ ਵਿਚ ਸ੍ਰੀ ਗੁਰੂ ਹਰਿ ਰਾਏ ਸਾਹਿਬ ਦੇ ਇਤਿਹਾਸਕ ਅਸਥਾਨ ਵਿਖੇ ਹੋਇਆ, ਜਿਸ ਵਿਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਪੁਜ ਕੇ ਸ਼ਹੀਦ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਈ ਪਿਆਰਾ ਸਿੰਘ ਜੀ ਦੀ ਸ਼ਹੀਦੀ ਨੇ ਇਸ ਇਲਾਕੇ ਵਿਚ ਗੁਰਸਿਖੀ ਲਈ ਨਵੀਂ ਜਾਗ੍ਰਤੀ ਪੈਦਾ ਕੀਤੀ ਹੈ ਅਤੇ ਅਜਿਹੀ ਨਿਰਭੈਤਾ ਪ੍ਰਦਾਨ ਕਰਨ ਵਾਲੀ ਗੁਰਸਿਖੀ ਲਈ ਉਤਸ਼ਾਹ ਅਤੇ ਮਰ ਮਿਟਣ ਦੀ ਸਪਿਰਿਟ ਭਰ ਦਿਤੀ ਹੈ।



www.AKJ.Org

ਜੁੜ ਕੇ, ਆਤਮਿਕ ਭੁੱਖ ਦੀ ਤ੍ਰਿਪਤੀ ਕਿੰਨਾ ਕਿੰਨਾ ਚਿਰ ਕਰਦੇ ਰਹਿੰਦੇ। ਆਪ ਰੋਜ਼ਾਨਾ ਨਿਤਨੇਮ ਕਰਨ ਤੋਂ ਇਲਾਵਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰ ਕੇ ਦਸਮ ਪਾਤਸ਼ਾਹ ਜੀ ਦੀ ਬਾਣੀ ਦੇ ਕੰਠ ਕੀਤੇ ਸ਼ਬਦ ਪੜ੍ਹਦੇ ਸਨ। ਆਪ ਆਪਣਾ ਕਾਰੋਬਾਰ ਕਰਦੇ ਸਮੇਂ ਵੀ ਆਪਣੀ ਸੁਰਤੀ ਉਸ ਅਰਸ਼ੀ ਪ੍ਰੀਤਮ ਦੇ ਨਾਲ ਜੋੜ ਕੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੇ ਰਹਿੰਦੇ ਸਨ।

ਆਪ ਦੇ ਪਿਤਾ ਗਿ: ਗੁਰਚਰਨ ਸਿੰਘ ਜੀ ਗੁਰੂ ਕੇ ਬਾਗ਼ ਤੇ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਵਧ ਚੜ੍ਹ ਕੇ ਹਿਸਾ ਲੈਂਦੇ ਰਹੇ। ਆਪ ਨੇ ਬੋਰਸਟਲ ਜੇਲ੍ਹ ਵਿਚ ਢਾਈ ਸਾਲ ਦੀ ਸਖ਼ਤ ਸਜ਼ਾ ਕਟੀ ਸੀ।

ਆਪਣੇ ਪਿਤਾ ਗਿ: ਗੁਰਚਰਨ ਸਿੰਘ ਜੀ ਵਲੋਂ ਇਹ ਕੁਰਬਾਨੀ ਦਾ ਜਜ਼ਬਾ ਦੇਖ ਕੇ ਇਸ ਮਹਾਨ ਪੰਥਕ ਕਾਰਜ ਲਈ ਆਪ ਦੇ ਮਨ ਵਿਚ ਵੀ ਪੰਥ ਲਈ ਜਜ਼ਬਾ ਪੈਦਾ ਹੋਇਆ ਤੇ ਆਪ ਦੋ ਵਾਰ ੧੯੫੫ ਤੇ ੧੯੬੦ ਦੇ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਸਾਢੇ ਸਤ ਮਹੀਨੇ ਦੀ ਸਖ਼ਤ ਸਜ਼ਾ ਕਟਣ ਉਪ੍ਰੰਤ ਰਿਹਾ ਹੋ ਕੇ ਆਏ।

ਆਪ ਆਪਣੇ ਪ੍ਰੀਵਾਰ ਨੂੰ ਸਦਾ ਇਹੋ ਹੀ ਸਿਖਿਆ ਦਿੰਦੇ ਸਨ ਕਿ ਆਪਣਾ ਕਾਰ ਵਿਹਾਰ ਈਮਾਨਦਾਰੀ ਨਾਲ ਕਰੋ। ਇਸ ਧਨ ਦੌਲਤ, ਦੁਨਿਆਵੀ ਵਡਿਆਈਆਂ ਤੇ ਕੂੜਾਵੇ ਫ਼ੈਸ਼ਨਾਂ ਦੇ ਜੰਜਾਲ ਤੋਂ ਬਚੋ, ਇਕ ਵਾਹਿਗੁਰੂ ਦੇ ਨਾਂ ਦਾ ਸੱਚਾ ਧਨ ਇਕੱਤਰ ਕਰੋ, ਜਿਸ ਨੇ ਕਿ ਤੁਹਾਡਾ ਅੱਗਾ ਸਵਾਰਨਾ ਹੈ। ਆਪਣੀ ਪ੍ਰੀਤ ਉਸ ਚੋਜੀ ਪ੍ਰੀਤਮ ਦੋ ਜਹਾਨਾਂ ਦੇ ਵਾਲੀ ਨਾਲ ਜੋੜੋ, ਜਿਸ ਨੇ ਇਸ ਭਵ-ਸਾਗਰ ਤੋਂ ਆਪਣੀ ਕਿਰਪਾ-ਦ੍ਰਿਸ਼ਟੀ ਦੁਆਰਾ ਸਾਡਾ ਬੇੜਾ ਪਾਰ ਕਰਨਾ ਹੈ।

ਆਪ ਕਥਨੀ ਤੇ ਕਰਨੀ ਦੇ ਸੂਰੇ ਸਨ, ਉੱਚੇ ਸੁੱਚੇ ਆਚਰਣ ਵਾਲੇ ਨਾਮ ਅਭਿਆਸੀ ਪੁਰਖ ਸਨ। ਆਪ ਨੇ ਆਪਣੀ ਘਰੇਲੂ ਜ਼ਿੰਦਗੀ ਵਿਚ ਅਨੇਕਾਂ ਉਤਰਾ ਚੜ੍ਹਾ ਦੇਖੇ, ਪ੍ਰੰਤੂ ਆਪਣੇ ਸਿਖੀ ਸਿਦਕ ਤੇ ਧਰਮ ਤੋਂ ਨਾ ਡੋਲੇ ਤੇ ਗੁਰਬਾਣੀ ਦੀ ਇਹੋ ਤੁਕ—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥੨॥
ਸੂਹੀ ਅਸਟ: ਮ: ੪, ਪੰਨਾ ੭੫੭

ਅਨੁਸਾਰ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਸਮਾਂ ਬਤੀਤ ਕਰਦੇ ਰਹਿੰਦੇ। ਆਪ ਨੂੰ ਜਿਥੇ ਵੀ ਗੁਰਬਾਣੀ ਦੇ ਰਸਭਿੰਨੇ ਕੀਰਤਨ ਸਮਾਗਮ ਦੀ ਸੂਚਨਾ ਮਿਲਦੀ, ਆਪ ਹਾਜ਼ਰੀ ਭਰਨ ਦੀ ਕੋਸ਼ਿਸ਼ ਕਰਦੇ ਸਨ।

ਆਪ ਬੜੇ ਮਿਠ-ਬੋਲੜੇ, ਹਸਮੁਖ ਤੇ ਮਿਲਣ ਸਾਰ ਸਨ। ਆਪ ਦੇ ਮਨ ਵਿਚ ਕਿਸੇ ਲਈ ਵੀ ਭੇਦ-ਭਾਵ, ਵੈਰ ਵਿਰੋਧ ਨਹੀਂ ਸੀ। ਆਪ ਦੇ ਦਿਲ ਵਿਚ ਵਡੇ ਛੋਟੇ ਲਈ ਇਕੋ ਜਿਹਾ ਸਤਿਕਾਰ ਸੀ। ਆਪ ਦਾ ਮਨ ਸਦਾ ਹੀ "ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ"* ਦੇ ਮਹਾਂ-ਵਾਕ ਅਨੁਸਾਰ ਗੁਰਸਿਖਾਂ ਦੇ ਦਰਸ਼ਨ ਕਰਕੇ ਅਤੇ ਸੇਵਾ ਕਰ ਕੇ ਪ੍ਰਸੰਨ ਰਹਿੰਦਾ ਸੀ।

ਆਪ ਵਿਸਾਖੀ ਵਾਲੇ ਦਿਨ ਮਿਤੀ ੧੩ ਅਪ੍ਰੈਲ ੧੯੭੮ ਵੀਰਵਾਰ ਨੂੰ ਅਜੀਤ ਨਗਰ ਸ੍ਰੀ ਅੰਮ੍ਰਿਤਸਰ ਜੀ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜੱਥੇ ਦੇ ਸਾਲਾਨਾ ਵੈਸਾਖੀ ਸਮਾਗਮ ਵਿਚ ਕੀਰਤਨ ਸਰਵਣ ਕਰਨ ਲਈ ਪੁਜੇ ਹੋਏ ਸਨ। ਅਤੇ ਉਥੋਂ ਹੀ ਜਦੋਂ ਸਮਾਗਮ ਵਿਚ ਇਹ ਖ਼ਬਰ ਪੁਜੀ ਕਿ ਨਕਲੀ ਨਿਰੰਕਾਰੀ ਗੁਰਬਚਨ ਸਿਹੁੰ ਸ੍ਰੀ ਅੰਮ੍ਰਿਤਸਰ ਗੁਰੂ ਦੀ ਪਵਿਤਰ ਨਗਰੀ ਵਿਚੋਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਾਰੇ ਘੋਰ ਬੇਅਦਬੀ ਤੇ ਨਿੰਦਾ ਭਰੇ ਲਫਜ਼ ਵਰਤ ਰਿਹਾ ਹੈ ਤਾਂ ਸਿੰਘਾਂ ਨੇ ਨਕਲੀ ਨਿਰੰਕਾਰੀਆਂ ਕੋਲ ਜਾ ਕੇ ਸ਼ਾਂਤਮਈ ਪ੍ਰੋਟੈਸਟ ਕਰਨ ਦਾ ਪ੍ਰਣ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਇਹ ਕੋਝੇ ਤੇ ਭੈੜੇ ਲਫ਼ਜ਼ ਨਾ ਵਰਤੇ ਜਾਣ। ਸਾਰੇ ਸਿੰਘਾਂ ਨੇ ਕਿਲ੍ਹਾ ਗੋਬਿੰਦਗੜ੍ਹ ਦੇ ਪੰਡਾਲ ਵਿਚ, ਜਿਥੇ ਕਿ ਨਕਲੀ ਨਿਰੰਕਾਰੀ ਆਪਣਾ ਸਮੇਲਨ ਕਰ ਰਹੇ ਸਨ, ਵਲ ਚਾਲੇ ਪਾ ਦਿਤੇ, ਜਿਸ ਵਿਚ ਆਪ ਅਤੇ ਆਪ ਦਾ ਛੋਟਾ ਲੜਕਾ ਕਾਕਾ ਨੌਨਿਹਾਲ

*ਤਿਲੰਗ ਮਹਲਾ ੪, ਪੰਨਾ ੭੨੫



www.AKJ.Org

ਸਿੰਘ ਵੀ ਸਿੰਘਾਂ ਦੇ ਜੱਥੇ ਨਾਲ ਸ਼ਾਮਲ ਸੀ। ਜਦ ਸਿੰਘ ਪੰਡਾਲ ਤੋਂ ਤਕਰੀਬਨ ੩੦੦ ਗਜ਼ ਦੀ ਦੂਰੀ ਤੇ ਸਨ ਤਾਂ ਪੁਲੀਸ ਨੇ ਰੋਕਿਆ। ਸਿੰਘਾਂ ਨੇ ਕਿਹਾ ਕਿ ਅਸੀਂ ਪ੍ਰੋਟੈਸਟ ਕਰਨ ਆਏ ਹਾਂ, ਕਿ ਇਹ ਨਿਰੰਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਰੁਧ ਅਜਿਹੇ ਭੈੜੇ ਲਫ਼ਜ਼ ਤੇ ਕੋਝੀਆਂ ਹਰਕਤਾਂ ਨਾ ਕਰਨ। ਪ੍ਰੰਤੂ ਕੁਛ ਮਿੰਟਾਂ ਵਿਚ ਹੀ ਇਕ-ਦਮ ਨਕਲੀ ਨਿਰੰਕਾਰੀਆਂ ਨੇ ਭਰੇ ਪੰਡਾਲ ਵਿਚੋਂ ਆ ਕੇ; ਜੋ ਕਿ ਤਲਵਾਰਾਂ ਗੰਡਾਸਿਆਂ ਬੰਦੂਕਾਂ ਤੇ ਤੀਰਾਂ ਨਾਲ ਲੈਸ ਸਨ, ਨੇ ਅਚਾਨਕ ਸਿੰਘਾਂ ਤੇ ਹਮਲਾ ਕਰ ਦਿਤਾ, ਜਿਸ ਕਾਰਨ ਅਨੇਕਾਂ ਸਿੰਘ ਸ਼ਹੀਦ ਤੇ ਜ਼ਖਮੀ ਹੋਏ। ਉਨ੍ਹਾਂ ਉਪਰੋਕਤ ੧੩ ਸ਼ਹੀਦ ਸਿੰਘਾਂ ਵਿਚ ਗਿਆਨੀ ਹਰੀ ਸਿੰਘ ਜੀ ਵੀ ਇਕ ਸ਼ਹੀਦ ਸਿੰਘ ਸਨ। ਆਪ ਦਾ ਛੋਟਾ ਲੜਕਾ ਕਾਕਾ ਨੌਨਿਹਾਲ ਸਿੰਘ ਵੀ ਸਖ਼ਤ ਜ਼ਖਮੀ ਹੋਇਆ।

ਗਿ: ਹਰੀ ਸਿੰਘ ਜੀ ਦਾ ਅੰਤਮ ਸੰਸਕਾਰ ੧੫ ਅਪ੍ਰੈਲ ੧੯੭੮ ਨੂੰ ਬਾਕੀ ਦੇ ੧੨ ਸ਼ਹੀਦ ਸਿੰਘਾਂ ਦੇ ਨਾਲ ਹੀ, ਇਕੋ ਚਿਖਾ ਵਿਚ, ਪੂਰਨ ਖਾਲਸਈ ਸ਼ਾਨ ਅਤੇ ਗੁਰ-ਮਰਯਾਦਾ ਅਨੁਸਾਰ ਸ੍ਰੀ ਰਾਮਸਰ ਸਾਹਿਬ ਜੀ ਦੇ ਸਾਹਮਣੇ ਵਾਲੀ ਗਰਾਊਂਡ ਵਿਚ ਕੀਤਾ ਗਿਆ।

ਆਪ ਆਪਣੇ ਭਰਾਵਾਂ ਵਿਚੋਂ ਸਭ ਤੋਂ ਵਡੇ ਸਨ। ਆਪ ਆਪਣੇ ਪਿਛੇ ਪਤਨੀ, ਤਿੰਨ ਲੜਕੇ ਤੇ ਇਕ ਲੜਕੀ ਛਡ ਗਏ ਹਨ। ਆਪ ਦੀ ਇਸ ਸ਼ਹੀਦੀ 'ਤੇ ਪਰਵਾਰ ਨੇ ਸ਼ੋਕ ਨਹੀਂ ਕੀਤਾ, ਸਗੋਂ ਸਤਿਗੁਰੂ ਦਾ ਸ਼ੁਕਰਾਨਾ ਕੀਤਾ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਨੇ ਆਪਣੇ ਸੇਵਕ ਨੂੰ ਆਪਣੇ ਲੇਖੇ ਲਾਇਆ ਹੈ ਅਤੇ ਇਹੋ ਹੀ ਜੋਦੜੀ ਕੀਤੀ ਕਿ ਹੇ ਗੁਰੂ ਗਰੀਬ ਨਿਵਾਜ਼! ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਉ! ਜਿਸ ਤਰ੍ਹਾਂ ਉਨ੍ਹਾਂ ਸਿਰਲੱਥ ਸੂਰਬੀਰਾਂ ਤੇ ਮਰਜੀਵੜਿਆਂ ਨੇ ਆਪ ਜੀ ਦਾ ਪੂਰਨ ਸਤਿਕਾਰ ਤੇ ਅਦਬ ਕਾਇਮ ਰਖਣ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ, ਉਸੇ ਤਰ੍ਹਾਂ ਦਾਤਾਰ ਪਿਤਾ ਜੀਉ! ਉਨ੍ਹਾਂ ਅਣਖੀਲੇ ਤੇ ਮਹਾਨ ਸ਼ਹੀਦਾਂ ਦੇ ਦਰਸਾਏ ਮਾਰਗ ਤੇ ਚਲਣ ਦਾ ਬਲ ਬਖਸ਼ੋ ਤਾਂ ਜੁ ਅਸੀਂ ਆਪਣਾ ਆਪ ਕੁਰਬਾਨ ਕਰਦੇ ਹੋਏ "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਹੋ ਸਕੀਏ।

ਸੰਪਾਦਕ ਵਲੋਂ:—

ਸ਼ਹੀਦ ਦੇ ਸਾਰੇ ਪਰਵਾਰ ਨੇ ਅਖੰਡ ਕੀਰਤਨੀ ਜੱਥਿਆਂ ਦੇ ਸਾਲਾਨਾ ਸਮਾਗਮ ਵਿਚ ਕਈ ਵਰ੍ਹੇ ਪਹਿਲਾਂ ਪਰਵਾਰ ਸਮੇਤ ਅੰਮ੍ਰਿਤ-ਸੰਚਾਰ ਸਮਾਗਮ ਵਿਚ ਪੇਸ਼ ਹੋ ਕੇ ਸੁਧਾਈ ਕਰਵਾਈ ਅਤੇ ਨਾਮ ਦ੍ਰਿੜ੍ਹ ਕਰਵਾਇਆ। ਜਿਸ ਦਾ ਅਸਰ ਸ਼ਹੀਦ ਦੇ ਜੀਵਨ ਵਿਚ ਬਹੁਤ ਡੂੰਘਾ ਪਿਆ ਤੇ ਆਪ ਪਹਿਲਾਂ ਨਾਲੋਂ ਵੀ ਵਧ ਗੰਭੀਰ ਹੋ ਗਏ ਅਤੇ ਗੁਪਤੀ ਸੇਵਾ-ਸਿਮਰਨ ਵਿਚ ਨਿਮਗਨ ਰਹਿੰਦੇ।

ਆਪ ਦੀ ਕਿਰਤ-ਕਮਾਈ ਸੰਕੋਚਵੀਂ ਹੀ ਸੀ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਦੇ ਖ਼ਰਚ ਹੀ ਹੀ ਖ਼ਰਚ ਸਨ, ਪਰ ਆਪ ਸਤ ਸੰਤੋਖ ਵਿਚ ਰਹਿੰਦੇ ਹੋਏ ਸੰਕੋਚਵਾਂ ਜੀਵਨ-ਨਿਰਬਾਹ ਕਰਦੇ ਰਹੇ ਅਤੇ ਆਪਣੀ ਤੰਗ-ਦਸਤੀ ਦੀ ਦਸ਼ਾ ਕਦੇ ਕਿਸੇ ਨੂੰ ਨਹੀਂ ਸੀ ਜਣਾਈ। ਬੜੀ ਸਿੱਧੀ-ਸਾਦੀ ਤੇ ਭੋਲੀ-ਭਾਲੀ ਰੂਹ ਸੀ। ਆਪ ਜੀ ਸ਼ਹੀਦੀ ਪਾ ਕੇ ਆਪਣੇ ਪਿਤਾ ਦੀਆਂ ਪੰਥਕ ਕੁਰਬਾਨੀਆਂ ਵਾਂਗ ਇਕ ਨਜ਼ੀਰ ਪੈਦਾ ਕਰ ਗਏ ਹਨ।

੨੩–੪–੭੮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸਜੇ ਪੰਥਕ ਦੀਵਾਨ ਵਿਚ ਸ਼ਹੀਦ ਦੀ ਸੁਭਾਗ ਸੁਪਤਨੀ ਨੇ, ਤਖ਼ਤ ਸਾਹਿਬ ਵਲੋਂ ਸਨਮਾਨਤ ਕੀਤੇ ਜਾਣ ਸਮੇਂ ਵੈਰਾਗ ਵਿਚ ਪੰਥ ਨੂੰ ਸੁਨੇਹਾ ਦਿਤਾ—

"ਮੇਰੇ ਪਤੀ ਜੀ ਗੁਰੂ ਕੇ ਲੇਖੇ ਲਗੇ ਹਨ ਅਤੇ ਜਦੋਂ ਪੰਥ ਨੂੰ ਲੋੜ ਪਵੇ ਤਾਂ ਮੇਰੇ ਇਹ ਤਿੰਨੇ ਪੁੱਤਰ ਵੀ ਹਾਜ਼ਰ ਹਨ।"

---

## ਪੱਟੀ ਵਿਖੇ ਸ਼ਹੀਦਾਂ ਨਮਿਤ ਅਖੰਡਪਾਠ ਤੇ ਰੈਣ-ਸਬਾਈ ਕੀਰਤਨ

ਭਾਈ ਕੁਲਵੰਤ ਸਿੰਘ ਸਾਹਮਣੇ ਟੈਲੀਫ਼ੂਨ ਐਕਸਚੇਂਜ ਪੱਟੀ (ਅੰਮ੍ਰਿਤਸਰ) ਇਤਲਾਹ ਦਿੰਦੇ ਹਨ ਅਖੰਡ ਕੀਰਤਨ ਜੱਥਾ ਪੱਟੀ ਵਲੋਂ ੨੭ ਮਈ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣੇ ਹਨ।

www.AKJ.Org

# ਸ਼ਹੀਦ ਭਾਈ ਫ਼ੌਜਾ ਸਿੰਘ ਜੀ, ਅੰਮ੍ਰਿਤਸਰ

[ਪ੍ਰੋ: ਗੁਰਮੁਖ ਸਿੰਘ ਜੀ ਕਪੂਰਥਲਾ]

ਭਾਈ ਫ਼ੌਜਾ ਸਿੰਘ ਜੀ ੧੭ ਮਈ ੧੯੩੬ ਨੂੰ ਰਾਵੀ ਪਾਰ ਖਾਲਸਾ ਫਾਰਮ ਜ਼ਿਲਾ ਗੁਰਦਾਸਪੁਰ ਵਿਖੇ ਸ: ਸੁਰੈਣ ਜੀ ਦੇ ਘਰ ਪੈਦਾ ਹੋਏ। ਆਪ ਜੀ ਦੇ ਪਿਤਾ ਜੀ ਦਰਮਿਆਨੇ ਦਰਜੇ ਦੇ ਜੱਟ ਜ਼ਿਮੀਦਾਰ ਹਨ। ਪਾਕਿਸਤਾਨ ਬਣਨ ਤੋਂ ਪਿਛੋਂ ਇਨ੍ਹਾਂ ਦਾ ਪਿੰਡ ਬਾਰਡਰ ਤੇ ਹੋਣ ਕਾਰਨ, ਪਰਿਵਾਰ ਪਿੰਡ ਗਜ਼ਨੀ-ਪੁਰ ਜੋ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਵਾਲੀ ਸੜਕ ਤੇ ੬ ਮੀਲ ਤੇ ਹੈ, ਆ ਕੇ ਵਸੇ ਹਨ।

ਫੌਜਾ ਸਿੰਘ ਜੀ ਛੋਟੀ ਉਮਰ ਵਿਚ ਹੀ ਪਿੰਡ ਦੇ ਹਾਣ ਦੇ ਮੁੰਡਿਆਂ ਦੇ ਲੀਡਰ ਹੁੰਦੇ ਸਨ। ਜਥੇਦਾਰੀ ਜਿਵੇਂ ਧੁਰੋਂ ਹੀ ਮਿਲੀ ਹੋਈ ਸੀ। ਬਚਪਨ ਤੋਂ ਹੀ ਨੈਤਿਕ ਸੋਧ-ਸੁਧਾਈ ਦੇ ਕੰਮ ਵਿਚ ਕਾਫ਼ੀ ਉਤਸ਼ਾਹ ਦਿਖਾਂਦੇ ਸਨ।

ਦਸਵੀਂ ਜਮਾਤ ਪੜ੍ਹਦੇ ਸਮੇਂ ਅੰਮ੍ਰਿਤ ਪਾਨ ਕਰ ਲਿਆ ਸੀ। ਵੈਰਾਗੀ ਸੁਭਾਅ ਹੋਣ ਕਰਕੇ, ਆਪ ਇਸ ਛੋਟੀ ਉਮਰ ਵਿਚ ਹੀ ਇਕ ਮਹੀਨਾ ਘਰੋਂ ਅਲੋਪ ਰਹੇ। ਇਹ ਸਮਾਂ ਉਨ੍ਹਾਂ ਨੇ ਕਿਤੇ ਸੰਤਾਂ ਸਾਧਾਂ ਦੀ ਸੰਗਤ ਵਿਚ ਹੀ ਬਤੀਤ ਕੀਤਾ। ਪੂਰਬਲੇ ਸੰਸਕਾਰ ਅਜੇ ਪੂਰੀ ਤਰ੍ਹਾਂ ਅੰਕੁਰ ਨਹੀਂ ਸਨ ਹੋਏ। ਦਸਵੀਂ ਪਾਸ ਕਰ ਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਐਫ਼.ਐਸ-ਸੀ. ਵਿਚ ਦਾਖਲ ਹੋਏ, ਪਰ ਅੰਦਰੋਂ ਬੈਰਾਗ ਫੁਰਾਟ ਮਾਰਦਾ ਸੀ। ਕਹਿੰਦੇ ਹਨ ਕਿ ਇਥੋਂ ਉਨ੍ਹਾਂ ਨੇ ਫਿਰ ਅਗਿਆਤ-ਵਾਸ ਲੈਣ ਦਾ ਫ਼ੈਸਲਾ ਕਰ ਲਿਆ। ਭਾਈ ਫੌਜਾ ਸਿੰਘ ਘਰ-ਦਿਆਂ ਅਤੇ ਹੋਰ ਦੁਨੀਆਦਾਰਾਂ ਦੇ ਭਾਣੇ ਗੁਆਚ ਗਏ। ਬੜੀ ਭਾਲ ਕੀਤੀ, ਅਖਬਾਰਾਂ ਵਿਚ ਕਢਵਾਇਆ, ਪਰ ਕਿਥੋਂ ਲਭਣ? ਉਹ ਆਪਣੀ ਆਤਮਕ ਭੁੱਖ ਦੀ ਤ੍ਰਿਪਤੀ ਲਈ ਦੋ ਸਾਲ ਘਰੋਂ ਅਲੋਪ ਰਹੇ, ਅਤੇ ਸਾਧਾਂ ਸੰਤਾਂ ਦੇ ਡੇਰੇ ਗਾਹੁੰਦੇ ਰਹੇ। ਕਿਸੇ ਭੇਖੀ ਸਾਧ ਨੇ ਆਪ ਨੂੰ ਸੋਹੰ ਦਾ ਮੰਤਰ ਦਿਤਾ ਤੇ ਭਾਈ ਫੌਜਾ ਸਿੰਘ ਦੋ ਸਾਲ ਸੋਹੰ ਦਾ ਜਾਪ ਕਰਦੇ ਰਹੇ। ਫਿਰ ਗੁਆਚੇ ਲਭ ਪਏ ਤੇ ਘਰ ਲਿਆਂਦੇ ਗਏ। ਪਰ ਅਜੇ ਗੁਰੂ ਘਰ ਬਾਰੇ ਸੋਝੀ ਨਹੀਂ ਸੀ ਮਿਲੀ। ਘਰ-ਦਿਆਂ ਨੇ ਫਿਰ ਐਫ.ਐਸ-ਸੀ ਪੜ੍ਹਨੇ ਪਾ ਦਿਤਾ। ਬੈਰਾਗੀ ਰੂਹਾਂ ਨੂੰ ਜਦੋਂ ਕਦੀ ਵੀ ਸੰਸਾਰੀ ਮਾਪੇ ਮਿਲਦੇ ਹਨ, ਤਾਂ ਅਜੀਬ ਕਸ਼-ਮਕਸ਼ ਹੁੰਦੀ ਹੈ। ਬੈਰਾਗੀ ਰੂਹ ਸੰਸਾਰੀ ਵਸਤੂਆਂ ਦਾ ਤਿਆਗ ਕਰਨਾ ਚਾਹੁੰਦੀ ਹੈ, ਪਰ ਸੰਸਾਰੀ ਉਸਨੂੰ ਮਲੋ ਮਲੀ ਸੰਸਾਰ ਵਿਚ ਆਪਣੇ ਵਰਗਾ ਸਾਧਾਰਨ ਸੰਸਾਰੀ ਬਣ ਕੇ ਜੀਊਣ ਲਈ ਜ਼ੋਰਦਾਰ ਪ੍ਰੇਰਨਾ ਕਰਦੇ ਹਨ। ਉਨ੍ਹਾਂ ਲਈ ਜੀਵਨ ਇਕ ਸੰਘਰਸ਼ ਜਿਹਾ ਬਣ ਜਾਂਦਾ ਹੈ।

ਬੀ.ਐਸ-ਸੀ. ਵਿਚ ਪੜ੍ਹਦੇ ਸਮੇਂ ਭਾਈ ਫੌਜਾ ਸਿੰਘ ਜੀ ਕੁਸੰਗਤ ਵਿਚ ਪੈ ਗਏ। ਪਰ ਫਿਰ ਛੇਤੀ ਗੁਰੂ ਮਹਾਰਾਜ ਨੇ ਸੁਚੇਤ ਕਰਕੇ ਸਾਵਧਾਨ ਕਰ ਦਿੱਤਾ। ੧੯੬੪ ਵਿਚ ਅਖੰਡ ਕੀਰਤਨੀ ਜੱਥੇ ਵਿਚੋਂ ਅੰਮ੍ਰਿਤ ਪਾਨ ਕਰ ਕੇ ਸਿੰਘ ਸਜੇ। ਵੈਸਾਖ ੧੯੬੫ ਵਿਚ ਆਪ ਜੀ ਦਾ ਆਨੰਦ ਕਾਰਜ ਬੀਬੀ ਅਮਰਜੀਤ ਕੌਰ ਜੀ ਨਾਲ ਹੋਇਆ ਤੇ ਇਸ ਸਮੇਂ ਭਾਈ ਜੀਵਨ ਸਿੰਘ ਜੀ ਨੇ ਕੀਰਤਨ ਅਸੀਸੜੀਆਂ ਦਿਤੀਆਂ—

"ਮਿਲਿਆ ਹੋਇ ਨ ਵੀਛੁੜੇ ਜਿ ਮਿਲਿਆ ਹੋਈ ॥"

ਸੂਹੀ ਮ: ੧, ਪੰਨਾ ੭੨੯

ਗੁਰਬਾਣੀ ਦਾ ਕਥਨ ਹੈ ਕਿ ਇਸ ਮਾਤ ਲੋਕ ਉਤੇ ਭੀ ਉਹ ਜੀਵ-ਆਤਮਾ ਪ੍ਰਭੂ ਤੋਂ ਵਿਛੁੜਦੀ ਨਹੀਂ, ਜਾਂ ਪ੍ਰਭੂ-ਪਿਤਾ ਉਸ ਨੂੰ ਗੁਆਚਣ ਜਾਂ ਵਿਛੁੜਨ ਨਹੀਂ ਦਿੰਦਾ, ਜੇਕਰ ਉਹ ਜੀਵ ਪਹਿਲਾਂ ਤੋਂ ਹੀ ਪ੍ਰਭੂ-ਚਰਨਾਂ ਨਾਲ ਜੁੜ ਚੁਕਾ ਹੋਵੇ। ਭਾਈ ਫ਼ੌਜਾ ਸਿੰਘ ਜੀ ਨੇ ੨੮ ਸਾਲ ਦੀ ਉਮਰ ਵਿਚ ਮੁੜ ਕੇ ਉਹੀ ਸਰੂਪ ਧਾਰਨ ਕਰ ਲਿਆ ਜੋ ਸਰੂਪ



www.AKJ.Org

ਦਸਮੇਸ਼ ਪਿਤਾ ਜੀ ਨੂੰ ਅਤਿ ਪਿਆਰਾ ਸੀ। ਨਹੀਂ ਨਹੀਂ, ਪਿਤਾ ਦਸਮੇਸ਼ ਜੀ ਜਿਸ ਉਤੇ ਆਪ ਕਿਰਪਾਲੂ ਹੁੰਦੇ ਹਨ, ਉਸਨੂੰ "ਅਕਾਲ ਪੁਰਖ ਕੀ ਫੌਜ" ਵਾਲੀ ਖਾਲਸਈ ਵਰਦੀ ਪਹਿਨਣ ਦੀ ਸੁਧ-ਬੁਧ ਬਖਸ਼ਦੇ ਹਨ, ਉਸ ਨੂੰ ਸਿੰਘਾਂ ਦੇ ਮੰਡਲ ਵਿਚ ਲੈ ਆਉਂਦੇ ਹਨ ਅਤੇ ਆਪਣਾ ਬਣਾਈ ਰਖਦੇ ਹਨ।

੧੯੬੪ ਤੋਂ ੧੯੭੮ ਦੇ ਸਮੇਂ ਵਿਚ ਭਾਈ ਫੌਜਾ ਸਿੰਘ ਦੇ ਜੀਵਨ ਵਿਚ ਹੌਲੀ ਹੌਲੀ ਪਰੀਵਰਤਨ ਆਉਂਦੇ ਗਏ। ਗਤਕਾ ਸਿਖਿਆ ਅਤੇ ਇਸ ਵਿਚ ਇਸ ਇਲਾਕੇ ਵਿਚ ਕੋਈ ਵਿਰਲਾ ਹੀ ਉਨ੍ਹਾਂ ਦਾ ਮੁਕਾਬਲਾ ਕਰ ਸਕਦਾ ਹੋਵੇਗਾ। ਇਸ ਹੁਨਰ ਨੂੰ ਵਿਸ਼ੇਸ਼ ਤੌਰ ਤੇ ਆਪਣੇ ਨੌਜਵਾਨ ਸਾਥੀਆਂ ਵਿਚ ਪਰਚਾਰਿਆ। ਕਈਆਂ ਨੂੰ ਇਹ ਹੁਨਰ ਸਿਖਣ ਦੀ ਜ਼ੋਰਦਾਰ ਪ੍ਰੇਰਨਾ ਦਿੰਦੇ ਰਹੇ।

ਜੱਥੇ ਵਿੱਚ ਦਾਸ ਕਾਫ਼ੀ ਸਮੇਂ ਤੋਂ ਵਿਚਰ ਰਿਹਾ ਹੈ ਅਤੇ ਅਨੇਕਾਂ ਗੁਰੂ ਕੇ ਸੋਹਣੇ ਸੋਹਣੇ ਲਾਲਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਗੁਰੂ ਕੇ ਲਾਲਾਂ ਅੰਦਰ ਜੋ ਰੱਬੀ ਰੰਗਾਂ ਦੇ ਦੀਦਾਰੇ ਹੁੰਦੇ ਸਨ, ਉਹ ਨਾਮ-ਰਸ ਅਤੇ ਭਗਤੀ ਰੰਗ ਦੇ ਸ਼ਾਂਤਮਈ ਦੀਦਾਰੇ ਹੁੰਦੇ ਸਨ, ਜਿਨ੍ਹਾਂ ਤੋਂ ਆਪ-ਮੁਹਾਰੇ ਇਹੋ ਪ੍ਰੇਰਨਾ ਮਿਲਦੀ ਸੀ ਕਿ ਇਹ ਜੀਵਨ "ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮੁ"† ਲਈ ਹੈ। ਭਾਈ ਫ਼ੌਜਾ ਸਿੰਘ ਦੇ ਦਰਸ਼ਨ ਕੀਤਿਆਂ ਕਿਸੇ ਹੋਰ ਰੰਗ ਦੀ ਝਲਕ ਭੀ ਪੈਂਦੀ ਸੀ। ਨਾਮ ਰਸ ਤੋਂ ਬਿਨਾ ਬੀਰ-ਰਸ ਵੀ ਉਨ੍ਹਾਂ ਦੇ ਦੀਦਾਰ ਤੋਂ ਡੁਲ੍ਹ ਡੁਲ੍ਹ ਪੈਂਦਾ ਸੀ। ਭਾਈ ਫੌਜਾ ਸਿੰਘ ਜੀ ਕਿਸੇ ਭੀ ਵਿਅਕਤੀ ਉਤੇ ਵਧੀਕੀ ਹੁੰਦੀ ਵੇਖ ਕੇ ਸਹਾਰ ਨਹੀਂ ਸੀ ਸਕਦੇ। ਜੱਥੇ ਦੇ ਕਈ ਵੀਰ ਜੋ ਭਗਤੀ ਰਸ ਦੇ ਰਸੀਏ ਹਨ, ਉਨ੍ਹਾਂ ਨੂੰ ਜ਼ੋਰਦਾਰ ਸ਼ਬਦਾਂ ਵਿਚ ਕੇਵਲ ਨਾਮ ਜਪਣ ਲਈ ਕਹਿੰਦੇ, ਇਸ ਦਾ ਉਨ੍ਹਾਂ ਉਤੇ ਸੁਖਾਵਾਂ ਪ੍ਰਭਾਵ ਪੈਂਦਾ ਰਿਹਾ; ਪਰ ਉਨ੍ਹਾਂ ਦੇ ਅੰਦਰ ਸ਼ਕਤੀ-ਰਸ ਦੀ ਧਾਰਾ ਦਾ ਚਸ਼ਮਾ ਫੁਟ ਰਿਹਾ ਸੀ। ਉਨ੍ਹਾਂ ਦੇ ਗੁਰ-ਭਾਈਆਂ ਨੂੰ ਅਨੁਮਾਨ ਨਹੀਂ ਸੀ ਕਿ ਇਹ ਚਸ਼ਮਾ ਕਿਤਨਾ ਤੇਜ਼ ਵਗ ਟੁਰੇਗਾ। ਉਨ੍ਹਾਂ ਲਈ ਤਾਂ ਇਹ ਇਕ ਨਵੀਂ ਗੱਲ ਹੈ ਕਿ ਵਰਤਮਾਨ ਅਮਨ-ਅਮਾਨ ਦੇ ਸਮੇਂ ਵਿੱਚ ਭੀ, ਜਦੋਂ ਰਾਜ ਭੀ ਆਪਣੇ ਹੀ ਲੋਕਾਂ ਦਾ ਹੋਵੇ, ਸ਼ਹੀਦੀਆਂ ਪਾਉਣਾ ਸੰਭਵ ਹੋਵੇ। ਪੁਰਾਤਨ ਸਿੰਘਾਂ ਨੂੰ ਤਾਂ ਸ਼ਹੀਦੀਆਂ ਇਸ ਲਈ ਪਾਉਣੀਆਂ ਪਈਆਂ ਕਿਉਂਕਿ ਰਾਜ ਜਰਵਾਣਿਆਂ ਮੁਗਲਾਂ ਅਤੇ ਪਠਾਣਾਂ ਦਾ ਸੀ, ਜੋ ਧਰਮ ਦੇ ਦੋਖੀ ਸਨ। ਪਰ ਹੁਣ ਤਾਂ ਉਹੋ ਜਿਹੀ ਹਾਲਤ ਨਹੀਂ ਹੈ। ਇਸ ਲਈ ਉਨ੍ਹਾਂ ਦੇ ਕਈ ਅਲੋਚਕ ਵੀਰ, ਉਨ੍ਹਾਂ ਦੇ ਬੀਰ-ਰਸ ਨੂੰ ਮਖੌਲਾਂ ਕਰਦੇ ਸਨ ਅਤੇ ਉਨ੍ਹਾਂ ਅਗੇ ਕਈ ਵਾਰੀ ਹੱਸ ਕੇ ਕਹਿ ਦਿੰਦੇ ਕਿ ਤੂੰ ਹੋਰਨਾਂ ਨੂੰ ਭੀ ਸ਼ਹੀਦੀਆਂ ਦੇ ਜਾਮ ਪਿਆਵੇਂਗਾ।

ਪਤਾ ਨਹੀਂ ਉਨ੍ਹਾਂ ਆਲੋਚਕ ਗੁਰਸਿਖਾਂ ਦੇ ਵਚਨ ਸਤ ਹੋਣੇ ਸਨ, ਜਾਂ ਗੁਰੂ ਕਰਤਾਰ ਨੂੰ ਹੀ ਇੰਜ ਭਾਉਂਦਾ ਸੀ, ਭਾਈ ਫੌਜਾ ਸਿੰਘ 1970 ਤੋਂ ਪਿਛੋਂ ਗੁਰਸਿਖਾਂ ਦੀ ਤਨੋਂ ਮਨੋਂ ਧਨੋਂ ਸੇਵਾ ਕਰਨ ਵਿੱਚ ਲਗ ਗਏ। ਗੁਰੂ ਨੇਤ ਹੀ ਉਨ੍ਹਾਂ ਦੀ ਨੌਕਰੀ ਦਾ ਸਿਲਸਿਲਾ ਅੰਮ੍ਰਿਤਸਰ ਦੇ ਆਲੇ ਦੁਆਲੇ ਹੀ ਰਿਹਾ। ਆਪਣੀ ਅਤੇ ਆਪਣੀ ਸਿੰਘਣੀ ਦੀ ਜੋ ਤਨਖ਼ਾਹ ਆਉਂਦੀ, ਉਹ ਸਿੰਘਾਂ ਦੀ ਸੇਵਾ ਉਤੇ ਖਰਚ ਕਰ ਦਿੰਦੇ। ਬੀਬੀ ਅਮਰਜੀਤ ਕੌਰ ਜੀ ਦਸਦੇ ਹਨ ਕਿ ਉਹ ਕਈ ਵਾਰੀ ਕਹਿੰਦੇ ਹੁੰਦੇ ਸਨ, "ਜੋ ਮਾਇਆ ਅਸੀਂ ਆਪਣੇ ਉਪਰ ਖ਼ਰਚ ਕਰਦੇ ਹਾਂ, ਉਹ ਸਭ ਵਿਅਰਥ ਹੈ, ਪਰ ਜੋ ਗੁਰਸਿੱਖਾਂ ਦੀ ਟਹਿਲ ਸੇਵਾ ਲਈ ਖਰਚ ਕਰਦੇ ਹਾਂ, ਉਹ ਸਫਲ ਹੈ ਅਤੇ ਉਹੀ ਸਾਡੀ ਬੈਂਕ ਵਿਚ ਜਮ੍ਹਾਂ ਰਾਸਿ ਹੈ। ਫਿਰ ਕਹਿਣਾ—"ਖਾਲਸਾ ਪੰਥ ਨੂੰ ਦਸਮੇਸ਼ ਪਿਤਾ ਨੇ ਖ਼ੂਨ ਦੇ ਕੇ ਸਿੰਜਿਆ ਹੈ। ਜਦੋਂ ਜਦੋਂ ਇਸ ਬੂਟੇ ਨੂੰ ਔੜ ਪੈਂਦੀ ਹੈ, ਇਸ ਨੂੰ ਖ਼ੂਨ ਨਾਲ ਹੀ ਸਿੰਜਣਾ ਪੈਂਦਾ ਹੈ। ਫਿਰ ਪਰਵਾਨੇ, ਗੁਰੂ ਪਿਆਰੇ ਇਸ ਦੇ ਨਿਸ਼ਾਨ ਝੂਲਦੇ ਰਖਣ ਲਈ ਆਪਣਾ ਲਹੂ ਡੋਲ੍ਹਦੇ ਹਨ। ਅਤੇ ਇਹ ਔੜ-ਚੱਕਰ 50 ਕੁ ਵਰ੍ਹਿਆਂ ਪਿਛੋਂ ਜ਼ਰੂਰ ਚਲਦਾ ਹੈ। ਉਨ੍ਹਾਂ ਦੀਆਂ ਅੰਤ੍ਰੀਵ ਅੱਖਾਂ ਸਾਹਵੇਂ ਖਾਲਸਾ ਪੰਥ ਦਾ ਬੂਟਾ ਔੜ-ਚੱਕਰ ਦੇ ਕਾਰਨ ਸੁਕ

†ਆਸਾ ਮ: ੫, ਪੰਨਾ ੩੭੮



www.AKJ.Org

ਰਿਹਾ ਸੀ, ਸੜ ਰਿਹਾ ਸੀ ਅਤੇ ਉਨ੍ਹਾਂ ਨੂੰ 'ਕੋਈ ਹਰਿਆ ਬੂਟ ਰਹਿਓ ਰੀ' ਵਾਲੀ ਦਸ਼ਾ ਦਿਸਦੀ ਸੀ, ਜਿਸਨੂੰ ਉਨ੍ਹਾਂ ਦੇ ਆਲੋਚਕ ਅਨੁਭਵ ਨਹੀਂ ਕਰ ਸਕੇ। ਉਹ ਆਪਣੇ ਸੰਗੀ-ਸਾਥੀਆਂ ਨੂੰ ਇਹੋ ਕਹਿੰਦੇ ਸਨ ਕਿ ਇਤਨੀ ਘੋਰ ਬੇ-ਅਦਬੀ ਹੋ ਰਹੀ ਹੈ ਕਿ ਆਉਣ ਵਾਲੀਆਂ ਪੀਹੜੀਆਂ ਕੀ ਆਖਣਗੀਆਂ ਕਿ ਸਾਡੇ ਬਜ਼ੁਰਗ ਕਿਹੋ ਜਿਹੇ ਸਨ, ਜੋ ਸਭ ਕੁਝ ਅਖੀਂ ਦੇਖ ਕੇ ਬਰਦਾਸ਼ਤ ਕਰਦੇ ਰਹੇ? ਇਹ ਸਭ ਕੁਝ ਦੇਖ ਕੇ ਸਹਿਨ ਕਰੀ ਜਾਣਾ ਉਨ੍ਹਾਂ ਦੇ ਸੁਭਾਂ, ਉਨਾਂ ਦੇ ਚਰਿਤਰ ਅਤੇ ਉਨ੍ਹਾਂ ਦੀ ਬਣਤਰ ਤੋਂ ਬਾਹਰ ਸੀ।

ਅਖੰਡ ਕੀਰਤਨੀ ਜੱਥਾ ਤਕਰੀਬਨ 70-75 ਸਾਲਾਂ ਤੋਂ ਪੰਥ ਦੀ ਕੀਰਤਨ ਰਾਹੀਂ, ਗੁਰਬਾਣੀ ਰਾਹੀਂ ਅਤੇ ਤੱਤ ਗੁਰਮਤਿ ਰਹਿਤ-ਰਹਿਣੀ ਦੇ ਆਸਰੇ ਸੇਵਾ ਕਰਦਾ ਆ ਰਿਹਾ ਹੈ। ਜੱਥੇ ਵਿਚ ਅਨੇਕਾਂ ਗੁਰੂ ਕੇ ਲਾਲ ਆਏ, ਜੋ ਸਫਲ ਕਮਾਈਆਂ ਘਾਲ ਕੇ ਗੁਰਪੁਰੀ ਪਧਾਰ ਗਏ, ਅਜੇ ਤਕ ਉਨ੍ਹਾਂ ਵਿਚੋਂ ਕਿਸੇ ਨੇ ਭੀ ਜੱਥੇ ਨੂੰ ਜਾਂ ਪੰਥ ਨੂੰ ਪੰਥਕ ਸੇਵਾ ਕਰਨ ਵਿਚ ਸ਼ਹੀਦੀ ਪਾਉਣ ਦੀ ਪ੍ਰੇਰਨਾ ਨਹੀਂ ਸੀ ਕੀਤੀ। ਭਾਵੇਂ ਅੰਮ੍ਰਿਤ ਛਕਾਣ ਵੇਲੇ ਰਸਮੀ ਤੌਰ ਤੇ ਅਸੀਂ ਸਾਰੇ ਇਹੋ ਪਰਵਾਨ ਕਰਕੇ ਅੰਮ੍ਰਿਤ ਦੇ ਅਧਿਕਾਰੀ ਬਣਦੇ ਹਾਂ ਕਿ ਇਸ ਦਿਨ ਤੋਂ ਮਗਰੋਂ ਸਾਡਾ ਸੀਸ ਗੁਰੂ ਕਾ ਹੈ, ਅਤੇ ਜਦੋਂ ਲੋੜ ਪਵੇ ਅਸੀਂ ਸੀਸ ਭੇਟ ਕਰਨ ਤੋਂ ਨਾਂਹ ਨਹੀਂ ਕਰਾਂਗੇ। ਪਰ ਜੱਥੇ ਦੀ ਬਹੁਤੀ ਸੇਵਾ ਕੀਰਤਨ ਕਰਨਾ, ਅਤੇ ਸੰਗਤਾਂ ਨੂੰ ਨਾਮ ਬਾਣੀ ਵਲ ਪ੍ਰੇਰਨਾ ਹੀ ਹੈ। ਅਸੀਂ ਅਰਦਾਸ ਵਿਚ ਤਾਂ ਨਿਤ ਸੁਣਦੇ ਪੜ੍ਹਦੇ ਹਾਂ ਕਿ ਕਿਵੇਂ ਸਾਡੇ ਬਜ਼ੁਰਗਾਂ ਨੇ ਧਰਮ ਪਿਛੇ ਜਾਨਾਂ ਵਾਰੀਆਂ, ਬੰਦ ਬੰਦ ਕਟਵਾਏ, ਅਤੇ ਸਿਖੀ ਕੇਸਾਂ ਸੁਆਸਾਂ ਨਾਲ ਨਿਭਾਈ, ਪਰ ਸਾਨੂੰ ਇਹ ਸਾਰੇ ਸਾਕੇ ਬੀਤੇ ਸਮੇਂ ਦੇ ਇਤਿਹਾਸ ਹੀ ਲਗਦੇ ਰਹੇ, ਸ਼ਹੀਦ ਸਾਡੇ ਲਈ ਕਾਫ਼ੀ ਦੂਰ ਦੂਰ ਚਾਨਣ-ਮੁਨਾਰੇ ਸਨ, ਪਰ ਵਰਤਮਾਨ ਖ਼ੂਨੀ ਸਾਕੇ ਨੇ ਪਿਛਲੇ ਹੋਏ ਸ਼ਹੀਦਾਂ ਨੂੰ ਭੀ ਸਾਡੀ ਚੇਤਨ-ਸਤਾ ਵਿਚ ਜੀਉਂਦਾ ਕਰ ਦਿਤਾ ਹੈ।

ਸ਼ਹੀਦਾਂ ਦੀਆਂ ਗੱਲਾਂ ਨਿਰਾਲੀਆਂ ਹੀ ਹੁੰਦੀਆਂ ਹਨ। ਉਹਨਾਂ ਨੂੰ "ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ"* ਵਰਗੀਆਂ ਤੁਕਾਂ ਪੜ੍ਹ ਕੇ ਜਾਂ ਗਾ ਕੇ, ਜੋ ਆਤਮਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ, ਉਸਦਾ ਅੰਦਾਜ਼ਾ ਉਹੀ ਲਗਾ ਸਕਦੇ ਹਨ। ਅਤੇ ਇਹੋ ਜਿਹੇ ਸਜਨ ਆਪਣੇ ਘਰ ਵਿਚ ਕਈ ਵਾਰੀ ਅਜੀਬ ਅਜੀਬ ਬਚਨ ਕਰਦੇ ਸੁਣੇ ਜਾਂਦੇ ਹਨ। ਬੀਬੀ ਅਮਰਜੀਤ ਕੌਰ ਜੀ ਦਸਦੇ ਹਨ ਕਿ ਪਿਛਲੇ ਛੇ ਕੁ ਮਹੀਨਿਆਂ ਤੋਂ ਹੀ ਇਸ ਤਰ੍ਹਾਂ ਦੇ ਬਚਨ ਗਾਹੇ-ਬ-ਗਾਹੇ ਕਹਿੰਦੇ ਸਨ, "ਤੁਸੀਂ ਮੇਰੇ ਮਰੇ ਹੋਏ ਸਰੀਰ ਦੀ ਤਸਵੀਰ ਆਪਣੇ ਸਾਹਮਣੇ ਲਿਆਓ। ਕੀ ਤੁਸੀਂ ਬਰਦਾਸ਼ਤ ਕਰ ਲਓਗੇ? ਤਕੜੇ ਹੋਵੋ, ਘਬਰਾਣਾ ਨਹੀਂ।" ਕਾਬਲ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ ਦੀ ਕਹਾਵਤ ਅਨੁਸਾਰ, ਬੀਬੀ ਜੀ ਨੂੰ ਇਹ ਪਤਾ ਹੀ ਸੀ ਕਿ ਇਹ ਇਕ ਸ਼ਹੀਦ ਰੂਹ ਹੈ ਅਤੇ ਇਸ ਨੇ ਕਿਸੇ ਨ ਕਿਸੇ ਦਿਨ ਗੁਰੂ ਪੰਥ ਉਤੋਂ ਕੁਰਬਾਨ ਹੋ ਜਾਣਾ ਹੈ।

ਭਾਈ ਫੌਜਾ ਸਿੰਘ ਕਈ ਵਾਰੀ ਬੜੇ ਅਨਮੋਲ ਬਚਨ ਕਹਿ ਜਾਂਦੇ ਸਨ ਅਤੇ ਸੁਣਨ ਵਾਲਾ ਇਹ ਸੋਚਦਾ ਹੀ ਰਹਿੰਦਾ ਸੀ ਕਿ ਇਹ ਸਚਾਈਆਂ ਉਨ੍ਹਾਂ ਕਿਥੋਂ ਕਢ ਕੇ ਸੰਗਤਾਂ ਦੇ ਭੇਟਾ ਕੀਤੀਆਂ। ਉਹ ਕਹਿੰਦੇ ਹੁੰਦੇ ਸਨ ਕਿ ਲੋਭੀ ਜਾਂ ਖ਼ੁਦਗਰਜ਼ ਵਿਅਕਤੀ ਕਦੇ ਧਰਮੀ ਨਹੀਂ ਬਣ ਸਕਦਾ। ਧਰਮੀ ਬਣਨ ਲਈ ਸਤਿ, ਸੰਤੋਖ, ਅਤੇ ਰਜ਼ਾ ਵਿਚ ਰਹਿਣ ਦੀ ਲੋੜ ਪੈਂਦੀ ਹੈ। ਅਤੇ ਉਨ੍ਹਾਂ ਪਾਸ ਸਤਿ ਭੀ ਸੀ, ਨਾਮ ਅਭਿਆਸ ਭੀ ਸੀ, ਸੰਤੋਖ ਭੀ ਸੀ, ਜੋ ਮਿਲਿਆ ਸੋ ਸ਼ੁਕਰ ਕਰਕੇ ਛਕ ਲਿਆ, ਕਦੀ ਲਾਲਚ ਨਹੀਂ ਕੀਤਾ। ਅਤੇ ਨਿਰੰਕਾਰ ਦੇ ਭਾਣੇ ਵਿਚ ਮਸਤ ਰਹਿਣ ਵਾਲੀ ਮੂਰਤ ਸਨ।

ਮੈਂ ਭਾਈ ਫੌਜਾ ਸਿੰਘ ਦੇ ਦਰਸ਼ਨ ਪਹਿਲੀ ਵਾਰ ੧੯੭੨ ਵਿਚ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਕੀਤੇ। ਮੈਨੂੰ ਉਹ ਜਾਣਦੇ ਭੀ ਨਹੀਂ ਸਨ, ਪਰ ਫਤਹ ਬੁਲਾਉਣ ਤੋਂ ਬਾਅਦ ਐਸੇ ਘੁਲ ਮਿਲ ਗਏ, ਜਿਵੇਂ ਬਰਸਾਂ ਪੁਰਾਣੀ ਮਿਤ੍ਰਤਾ ਹੁੰਦੀ ਹੈ। ਬੜੇ

*ਮਾਰੂ ਸਲੋਕ ਕਬੀਰ, ਪੰਨਾ ੧੧੦੫



www.AKJ.Org

ਪਿਆਰ ਨਾਲ ਦਰਬਾਰ ਸਾਹਿਬ ਦੇ ਲਾਗੇ ਆਪਣੇ ਬੁੰਗੇ ਲੈ ਗਏ। ਦੋ ਤਿੰਨ ਦਿਨ ਆਪਣੇ ਪਾਸ ਰਖਿਆ। ਇਸ ਪਹਿਲੀ ਮੁਲਾਕਾਤ ਵਿਚ ਹੀ ਮੇਰੇ ਪੁਛਣ ਤੇ ਉਨ੍ਹਾਂ ਇਕ ਬੜੀ ਭੇਦ ਭਰੀ ਗੱਲ ਮੇਰੇ ਨਾਲ ਸਾਂਝੀ ਕੀਤੀ, ਜਿਸਨੂੰ ਮੈਂ ਉਨ੍ਹਾਂ ਦੀ ਸ਼ਹੀਦੀ ਤੋਂ ਮਗਰੋਂ ਹੀ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ। ਇਹ ਰਾਜ਼ ਜੱਥੇ ਦੇ ਥੋੜੇ ਹੀ ਸਿੰਘਾਂ ਪਾਸ ਉਨ੍ਹਾਂ ਦੀ ਅਮਾਨਤ ਸੀ, ਜਿਸ ਦਾ ਮੈਨੂੰ ਇਸ ਖ਼ੂਨੀ ਸਾਕੇ ਤੋਂ ਬਾਅਦ ਹੀ ਪਤਾ ਲਗਾ। ਉਨ੍ਹਾਂ ਦਸਿਆ ਕਿ ਉਹ ਪਿਛਲੇ ਜਨਮ ਵਿਚ ਬਾਬਾ ਦੀਪ ਸਿੰਘ ਜੀ ਦੇ ਜੱਥੇ ਵਿਚ ਸਨ ਅਤੇ ਉਨ੍ਹਾਂ ਲੋਹਗੜ੍ਹ ਲਾਗੇ ਸ਼ਹੀਦੀ ਪਾਈ ਸੀ। ਪਰਤੱਖ ਨੂੰ ਪਰਮਾਣ ਦੀ ਕੀ ਲੋੜ? ਉਨ੍ਹਾਂ ਹੁਣ ਭੀ ਸ਼ਹੀਦੀ ਖਾਲਸੇ ਪੰਥ ਲਈ, ਗੁਰੂ ਘਰ ਦੀ ਆਨ-ਸ਼ਾਨ ਕਾਇਮ ਰਖਣ ਲਈ, ਸ੍ਰੀ ਅੰਮ੍ਰਿਤ-ਸਰ ਦੀ ਪਵਿਤਰ ਧਰਤੀ ਤੇ ਲੋਹਗੜ੍ਹ ਦੇ ਲਾਗੇ ਹੀ ਪਾਈ ਹੈ। ਦੂਜੇ ਸ਼ਬਦਾਂ ਵਿਚ, ਜਿਵੇਂ ਅਸੀਂ ਕਹਿੰਦੇ ਹਾਂ ਕਿ ਪੂਰਬਲੇ ਕਰਮ ਸਾਡੇ ਨਾਲ ਹੀ ਤੁਰੇ ਰਹਿੰਦੇ ਹਨ, ਜਿਨ੍ਹਾਂ ਨੇ ਭਾਈ ਫੌਜਾ ਸਿੰਘ ਨੂੰ ਨੇੜਿਓਂ ਵੇਖਿਆ ਅਤੇ ਉਨ੍ਹਾਂ ਨਾਲ ਵਰਤਿਆ ਹੈ ਉਹ ਇਸ ਗੱਲ ਦਾ ਹੁੰਗਾਰਾ ਭਰਦੇ ਹਨ ਕਿ ਉਨ੍ਹਾਂ ਵਿਚ "ਮੁਹਿ ਮਰਨੇ ਕਾ ਚਾਉ ਹੈ"* ਦੀ ਸਪਿਰਿਟ ਕੁਟ ਕੁਟ ਕੇ ਭਰੀ ਹੋਈ ਸੀ।

ਸ਼ੇਕਸਪੀਅਰ ਕਹਿੰਦਾ ਸੀ "ਨਾਂ ਵਿਚ ਕੀ ਪਿਆ ਹੈ?" ਪਰ ਭਾਈ ਫੌਜਾ ਸਿੰਘ ਦਾ ਜੋ ਨਾਮ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਅਨੁਸਾਰ ਮਾਪਿਆਂ ਨੇ ਰਖਿਆ ਸੀ, ਉਹ ਸੱਚ ਮੁੱਚ ਹੀ ਉਸਦੇ ਅੰਦਰਲੇ ਦੀ ਹੂਬਹੂ ਤਸਵੀਰ ਸੀ। ਫੌਜਾ ਸਿੰਘ ਵਾਕਈ ਪਿਛਲੇ ਜਨਮ ਦਾ ਭੀ ਗੁਰੂ ਦੁਲਾਰਿਆਂ ਦੀ ਫੌਜ ਦਾ ਫੌਜੀ ਸੀ। ਅਤੇ ਕੁਰਬਾਨੀ ਦਾ ਜਜ਼ਬਾ ਉਨ੍ਹਾਂ ਨੇ ਇਸ ਜਨਮ ਤੋਂ ਨਹੀਂ ਸੀ ਲਿਆ, ਇਹ ਪਤਾ ਨਹੀਂ ਕਦੋਂ ਦਾ ਇਨ੍ਹਾਂ ਵਿਚ ਭਰਿਆ ਹੋਇਆ ਸੀ।

ਅਗਸਤ-ਸਤੰਬਰ ੧੯੭੭ ਵਿਚ (ਗੁਰਦਾਸਪੁਰ ਜੇਲ੍ਹ ਵਿਚ) ਉਨ੍ਹਾਂ ਨੇ "ਕੁਰਬਾਨੀ" ਦੇ ਸਿਰਲੇਖ ਹੇਠ ਇਕ ਕਵਿਤਾ ਲਿਖੀ ਹੈ। ਇਹ ਸ਼ਾਇਦ ਉਨ੍ਹਾਂ ਦੀ ਪਹਿਲੀ ਅਤੇ ਅੰਤਮ ਕਵਿਤਾ ਹੈ, ਕਿਉਂਕਿ ਜਿਥੋਂ ਤਕ ਦਾਸ ਦੀ ਜਾਣਕਾਰੀ ਹੈ, ਉਹ ਕਵੀ ਨਹੀਂ ਸਨ। ਪਰ ਹੇਠ ਲਿਖੀ ਕਵਿਤਾ ਤੋਂ ਉਨ੍ਹਾਂ ਦੇ ਮਨ ਦੇ ਉਬਾਲ, ਵਲਵਲੇ ਅਤੇ ਗੁਰੂ ਪੰਥ ਨਾਲ ਅਥਾਹ ਪਿਆਰ ਦੇ ਦਰਸ਼ਨ ਹੁੰਦੇ ਹਨ।

## ਕੁਰਬਾਨੀ

ਤੇਰੀ ਅਮਰ ਸਿਖੀ ਨੂੰ ਸਤਿਗੁਰੂ,
ਮਨ ਬਚ ਕ੍ਰਮ ਦੇ ਨਾਲ ਨਿਭਾ ਦਿਆਂਗੇ।
ਧਨ, ਧਾਮ, ਜਵਾਨੀ, ਜਾਇਦਾਦ ਸਭ ਕੁਝ,
ਲੇਖੇ ਪੰਥ ਦੇ ਅਸੀਂ ਲਗਾ ਦਿਆਂਗੇ।
ਬਾਲ-ਬਿਵਸਥਾ ਤੋਂ ਦੇਹ ਸੰਭਾਲ ਰਖੀ,
ਹੁਣ ਤਾਂ ਲੋੜ ਹੈ ਘੋਲ ਘੁਮਾ ਦਿਆਂਗੇ।
ਤੇਰੀ ਬਾਣੀ ਨੂੰ ਰਿਦੇ ਨਿਵਾਸ ਦੇ ਕੇ,
ਅਵਗਣ ਆਪਣੇ ਸਾਰੇ ਗਵਾ ਦਿਆਂਗੇ।
ਜੇ ਤੂੰ ਮੇਹਰ ਰਖੀ, ਮਿਹਰਬਾਨ ਮੇਰੇ,
ਬੰਦੋ ਬੰਦ ਭੀ ਅਸੀਂ ਕਟਾ ਦਿਆਂਗੇ।
ਤੇਰਾ ਨਾਮ ਨਿਧਾਨੀ ਸੋਹਣਾ ਨਿਸ਼ਾਨ ਸਾਹਿਬ,
ਦਸੋ ਦਿਸ਼ਾਂ ਵਿਚ ਅਸੀਂ ਝੁਲਾ ਦਿਆਂਗੇ।
ਬੁਝ ਰਹੀ ਜੋਤ ਜੋ ਅਸਾਂ ਨੂੰ ਜਾਪਦੀ ਏ,
ਖ਼ੂਨ ਆਪਣੇ ਨਾਲ ਜਗਾ ਦਿਆਂਗੇ।
ਮਨ ਕੀ ਮਤਿ ਨੂੰ ਮੇਟ ਕੇ ਮੇਰੇ ਦਾਤਾ,
ਤੇਰੀ ਜੋਤ ਵਿਚ ਜੋਤ ਮਿਲਾ ਦਿਆਂਗੇ।
ਧੁਰੋਂ ਧੁਰੰਧਰੀ ਅਵਤਰੀ ਰੀਤ ਸੁੰਦਰ,
ਰਾਹੂ ਕੇਤੂ ਨੂੰ ਰੋਕ ਚਮਨਾ ਦਿਆਂਗੇ।
ਮਿੱਟ ਰਹੇ ਨਿਸ਼ਾਨ ਜੋ ਧਰਮ ਵਾਲੇ,
ਲੁਕ ਛੁਪ ਕੇ ਅਸੀਂ ਪ੍ਰਗਟਾ ਦਿਆਂਗੇ।
ਮਿਹਰ ਤੇਰੀ ਨਾਲ ਖਾਲਸਾ ਬੋਲਦਾ ਏ,
ਆਵਾਜ਼ ਅੰਦਰਲੀ ਬਾਹਰ ਸੁਣਾ ਦਿਆਂਗੇ।
ਅੰਮ੍ਰਿਤ-ਰੂਪ ਸਿੱਖੀ ਹੈ ਅਮਰ ਕਰਦੀ,
ਕੇਸਾਂ ਸੁਆਸਾਂ ਦੇ ਨਾਲ ਨਿਭਾ ਦਿਆਂਗੇ।
ਜਬ ਆਵ ਕੀ ਅਉਧ ਨਿਧਾਨ ਬਣਸੀ,
ਸੀਸ ਤੇਰਾ ਹੈ ਤੈਨੂੰ ਚੜ੍ਹਾ ਦਿਆਂਗੇ।

*ਸਲੋਕ ਕਬੀਰ ਜੀ, ਪੰਨਾ ੧੩੬੭



www.AKJ.Org

ਇਹ ਕਵਿਤਾ ਸ਼ਹੀਦੀ ਪਾਉਣ ਤੋਂ ਕੇਵਲ 7–8 ਮਹੀਨੇ ਪਹਿਲਾਂ ਦੀ ਲਿਖੀ ਹੋਈ ਹੈ। ਇਸ ਵਿਚ ਦੋ ਚੀਜ਼ਾਂ ਬੜੀਆਂ ਉਘੜਕੇ ਸਾਹਮਣੇ ਆਉਂਦੀਆਂ ਹਨ। ਇਕ ਤਾਂ ਖਾਲਸੇ ਪੰਥ ਦੀ ਨਿਘਰਦੀ ਹੋਈ ਦਸ਼ਾ, "ਬੁਝ ਰਹੀ ਜੋਤਿ ਅਸਾਂ ਨੂੰ ਜਾਪਦੀ ਹੈ" ਰਾਹੀਂ ਵਲ ਪਰਤੱਖ ਸੰਕੇਤ ਹੈ। ਜਿਸ ਰੂਹ ਨੇ ਪਿਛਲੇ ਜਨਮ ਵਿੱਚ ਖਾਲਸੇ ਦੇ ਤੇਜਮਈ ਰੂਪ ਦੇ ਦਰਸ਼ਨ ਕੀਤੇ ਹੋਣ, ਅਤੇ ਉਸ ਦੇ ਉਸਰਦੇ ਮਹੱਲਾਂ ਨੂੰ ਆਪਣੇ ਖ਼ੂਨ ਦੇ ਗਾਰੇ ਨਾਲ ਉਸਾਰਿਆ ਹੋਵੇ, ਉਹ ਕਿੰਜ ਇਸ ਦਸ਼ਾ ਨੂੰ ਦੇਖ ਕੇ ਬਰਦਾਸ਼ਤ ਕਰ ਸਕਦੀ ਹੈ ? ਉਨ੍ਹਾਂ ਦਾ ਸਿਖੀ ਵਲਵਲਾ, ਪੰਥਕ ਦਰਦ ਚਿਰੰਕਾਲੀ ਸੀ। ਭਾਵੇਂ ਉਮਰ ਕਰਕੇ ਅਜੇ 42 ਸਾਲ ਦੇ ਹੀ ਸਨ, ਪਰ ਖਾਲਸੇ ਪੰਥ ਦੀ ਸੇਵਾ ਚਿਰਾਂ ਤੋਂ ਕਰਦੇ ਆਏ ਹੋਣ ਕਰਕੇ, ਉਨ੍ਹਾਂ ਲਈ ਇਕਾ-ਦੁਕਾ ਘਟਨਾਵਾਂ, ਜੋ ਸ੍ਰੀ ਅੰਮ੍ਰਿਤਸਰ ਵਿੱਚ ਵਾਪਰੀਆਂ, ਬਰਦਾਸ਼ਤ ਤੋਂ ਬਾਹਰ ਸਨ। ਮਿਸ਼ਰੀ ਬਾਜ਼ਾਰ ਵਿਚ 1972 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਅਪਮਾਨ ਕੀਤਾ ਗਿਆ ਸੀ, ਉਸ ਸਾਕੇ ਨੇ ਮਾਨੋਂ ਭਾਈ ਫੌਜਾ ਸਿੰਘ ਦੀ ਸਮੁਚੀ ਵਿਅੱਕਤੀ (personality) ਨੂੰ ਫੜ ਕੇ ਹਲੂਣ ਸੁਟਿਆ ਸੀ। ਜਿਨ੍ਹਾਂ ਵੀਰਾਂ ਨੇ ਉਨ੍ਹਾਂ ਨੂੰ ਉਸ ਵੇਲੇ ਦੇਖਿਆ ਹੈ ਅਤੇ ਸ਼ਾਨਾ-ਬ-ਸ਼ਾਨਾ ਉਨ੍ਹਾਂ ਨਾਲ ਰਹੇ ਹਨ, ਉਹ ਦਸਦੇ ਹਨ, ਕਿ ਭਾਈ ਫੌਜਾ ਸਿੰਘ ਖੇਤੀ ਇਨਸਪੈਕਟਰ ਜਾਂ ਮਾਮੂਲੀ ਸਰਕਾਰੀ ਕਰਮਚਾਰੀ ਵਾਂਗ ਪੁਲਸ ਅਫਸਰਾਂ ਦੀਆਂ ਲੇਲ੍ਹੜੀਆਂ ਨਹੀਂ ਸੀ ਕਢਦੇ, ਬਲਕਿ ਮੌਕੇ ਦੇ ਸਰਕਾਰੀ ਕਰਮਚਾਰੀਆਂ ਤੋਂ ਨਿਆਂ ਅਤੇ ਹੱਕ ਦੀ ਮੰਗ ਵਜ-ਵਜਾ ਕੇ ਕਰ ਰਹੇ ਸਨ। ਦੋਸ਼ੀਆਂ ਨੂੰ ਪੁਲਸ ਭੀ ਹੱਥ ਪਾਉਣ ਤੋਂ ਡਰਦੀ ਸੀ, ਪਰ ਭਾਈ ਫੌਜਾ ਸਿੰਘ ਦੀ ਖਾਲਸਈ ਭਬਕ ਅੱਗੇ ਉਨ੍ਹਾਂ ਨੂੰ ਨਿਵਣਾ ਪਿਆ ਅਤੇ ਉਨ੍ਹਾਂ ਨੇ ਦੋਸ਼ੀਆਂ ਨੂੰ ਫੜ ਕੇ ਯੋਗ ਸਜ਼ਾਵਾਂ ਦਿਤੀਆਂ। ਪਰ ਉਨ੍ਹਾਂ ਨੂੰ ਅਫ਼ਸੋਸ ਇਹ ਸੀ ਕਿ ਸਾਡੇ ਪੰਥਕ ਜੱਥੇਦਾਰ ਅਤੇ ਆਗੂ ਇਸ ਡਰ ਤੋਂ ਮਾਮਲਾ ਹਸ਼ਅਪ ਕਰਨ ਦੇ ਜਤਨਾਂ ਵਿੱਚ ਰੁਝੇ ਹੋਏ ਸਨ ਕਿ ਕਿਤੇ ਹਿੰਦੂ ਸਿਖ ਫਸਾਦ ਨਾ ਖੜਾ ਹੋ ਜਾਏ ਅਤੇ ਇਹ ਹਊਆ ਸਾਡੇ ਅਜ ਦੇ ਲੀਡਰਾਂ ਲਈ ਭੀ ਬਣਿਆ ਹੋਇਆ ਹੈ, ਜਿਸ ਤੋਂ ਭਾਈ ਫੌਜਾ ਸਿੰਘ ਬੜੇ ਦੁਖੀ ਸਨ। ਇਹ ਉਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਸੀ ਕਿ ਕੋਈ ਸਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਤ੍ਰਿਲੋਕੀ ਦੇ ਮਾਲਕ ਦਾ ਅਪਮਾਨ ਕਰੇ, ਅਤੇ ਸਿਖ ਨਿਪੁੰਸਕ ਬਣ ਕੇ ਵੇਖੀ ਜਾਣ। ਉਨ੍ਹਾਂ ਦੇ ਦਿਲੋ-ਦਿਮਾਗ ਵਿਚ ਇਕੋ ਹੀ ਸਵਾਲ ਬਣਿਆ ਰਹਿੰਦਾ ਸੀ ਕਿ ਆਖ਼ਰ ਖਾਲਸੇ ਪੰਥ ਨੂੰ ਹੋ ਕੀ ਗਿਆ ਹੈ ?

ਇਹੀ ਪ੍ਰਸ਼ਨ ਹੋਰ ਭੀ ਪ੍ਰਚੰਡ ਰੂਪ ਵਿਚ ੧੭ ਅਕਤੂਬਰ ੧੯੭੫ ਨੂੰ ਸਾਹਮਣੇ ਆਣ ਖਲੋਤਾ। ਗੁਰਦਵਾਰਾ ਭਾਈ ਸਾਲ੍ਹੋ ਜੀ ਵਿਚ ਸਦਾ ਵਾਂਗ ਸੰਗਤਾਂ ਸੰਗਰਾਂਦ ਮਨਾ ਰਹੀਆਂ ਹਨ। ਲੰਗਰ ਸਜਾਏ ਜਾ ਰਹੇ ਹਨ। ਕੁਝ ਸ਼ਰਾਰਤੀ ਮਹੱਲੇਦਾਰਾਂ ਨੇ ਗੁੰਡੇ ਲਿਆ ਕੇ ਧਾਵਾ ਬੋਲ ਦਿਤਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਕੀਤੀ ਗਈ। ੧੯੭੨ ਤੋਂ ਪਿਛੋਂ ਸਿਖਾਂ ਦੇ ਹੈਡਕੁਆਰਟਰ ਸ੍ਰੀ ਅੰਮ੍ਰਿਤਸਰ ਵਿਖੇ ਇਹ ਦੂਜੀ ਦਰਦਨਾਕ ਅਤੇ ਸ਼ਰਮ-ਨਾਕ ਘਟਨਾ ਸੀ, ਜਿਸਦਾ ਐਮਰਜੈਂਸੀ ਦੀ ਡਾਇਣ ਨੇ ਪੰਥ ਨੂੰ ਪਤਾ ਤਕ ਨਹੀਂ ਲਗਣ ਦਿਤਾ।

ਜਦੋਂ ਉਹ ਅਕਾਲ ਤਖਤ ਦੀਆਂ ਸੇਫ ਕੋਠੜੀਆਂ ਵਿਚੋਂ ਇਸ ਘੋਰ ਬੇਅਦਬੀ ਵੇਲੇ ਭੀ ਜਾਨ ਬਚਾਈ, ਲੁਕ ਕੇ ਬੈਠੇ ਰਹੇ ਅਤੇ ਨਗਰ ਦੀਆਂ ਸੰਗਤਾਂ ਦੀ ਜ਼ੋਰਦਾਰ ਮੰਗ ਦੇ ਬਾਵਜੂਦ ਭੀ ਕੁਝ ਕਰਨ ਤੋਂ ਕਤਰਾਂਦੇ ਦੇਖੇ ਤਾਂ ਉਹ ਖ਼ੁਦ ੧੦ ਕੁ ਸਿੰਘਾਂ ਨੂੰ ਨਾਲ ਲੈ ਕੇ ਗੁਰੂ ਕੇ ਮਹਲਾਂ ਦੀ ਸੁਰਖਿਅਤਾ ਤੇ ਅਦਬ ਸਤਿਕਾਰ ਲਈ ਨਿੱਤਰ ਪਏ। ਬਰ-ਦਾਸ਼ਤ ਨਹੀਂ ਕੀਤਾ। ਉਦੋਂ ਭੀ ਆਪ ਨਾਲ ਦਸ ਹੀ ਸਿੰਘ ਕੈਦ ਹੋਏ ਸਨ ਅਤੇ ਹੁਣ ਭੀ ਦਸ ਹੀ ਸਿੰਘ ਸ਼ਹੀਦ ਹਏ ਹਨ–ਪੰਜ ਪੰਜ ਸਿੰਘਾਂ ਦੇ ਦੋ ਦਲ ਆਪ ਦੀ ਕਮਾਨ ਹੇਠ ਸਨ। ਇਸ ਰੋਗ ਪ੍ਰਗਟਾਵੇ ਦਾ ਅਸਰ ਇਹ ਹੋਇਆ ਹੈ ਕਿ ਸ਼ਹਿਰ ਦੇ ਸ਼ਰਾਰਤੀ ਅਨਸਰ ਨੂੰ ਇਹ ਪਤਾ ਲਗ ਗਿਆ ਕਿ ਬਕਰੀਆਂ ਵਿਚ ਸ਼ੇਰ ਤਾਂ ਇਕੋ ਹੀ ਬਥੇਰਾ ਹੁੰਦਾ ਹੈ। ਵੋਟਾਂ ਦੇ ਲਾਲਚੀ ਲੀਡਰ ਵੋਟਾਂ ਨੂੰ ਤਕੜ ਵਿਚ



www.AKJ.Org

ਪਾ ਕੇ ਆਪਣੇ ਗੁਰੂ ਦੇ ਅਪਮਾਨ ਨੂੰ ਤੋਲਦੇ ਰਹੇ ਅਤੇ ਕੁਝ ਨਾ ਕੀਤਾ। ਅਡੋਲ ਰਹੇ, ਤਿਨ੍ਹਾਂ ਦੀਆਂ ਧੰਨ ਕਮਾਈਆਂ। ੧੯੭੫ ਦੇ 'ਦੂਜੇ ਬੇਅਦਬੀ ਸਾਕੇ' ਨਾਲ ਤਾਂ ਭਾਈ ਫੌਜਾ ਸਿੰਘ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਫਿਰ ਉਹ ਆਰਾਮ ਨਾਲ ਨਹੀਂ ਬੈਠੇ। ਜੇਲ੍ਹ ਤੋਂ ਰਿਹਾਈ ਬਾਅਦ ਆਪ ਇਸੇ ਮੁਕੱਦਮੇ ਦੇ ਦੌਰਾਨ ਮੁਅਤਲ ਕਰਮਚਾਰੀ ਹੋਣ ਕਰਕੇ ਕਾਫੀ ਆਜ਼ਾਦ ਸਨ। ਦਫਤਰ ਦੀ ਨਿਤ ਦੀ ਹਾਜ਼ਰੀ ਤਾਂ ਗੁਰੂ ਮਹਾਰਾਜ ਨੇ ਅਕਤੂਬਰ ੧੯੭੫ ਦੇ ਅੰਤਲੇ ਦਿਨਾਂ ਤੋਂ ਹੀ ਖਤਮ ਕਰ ਦਿਤੀ ਸੀ। ਮੁਅੱਤਲੀ ਭਤਾ ਉਨ੍ਹਾਂ ਨੂੰ ਘਰ ਬੈਠਿਆਂ ਮਿਲ ਜਾਂਦਾ ਸੀ, ਅਤੇ ਉਹ ਇਸ ਨੂੰ ਰੱਬੀ ਦੇਣ ਸਮਝਦੇ ਸਨ, ਜਿਸ ਬਾਰੇ ਮੈਨੂੰ ਉਨ੍ਹਾਂ ਨੇ ਜਨਵਰੀ ੧੯੭੮ ਵਿਚ ਦਿਆਂ ਹਸਦਿਆਂ ਕਿਹਾ ਸੀ ਕਿ ਸਤਿਗੁਰੂ ਜੀ ਸੇਵਾ ਆਪਣੀ ਲਈ ਜਾਂਦੇ ਹਨ, ਤੇ ਤਨਖ਼ਾਹ ਪੰਜਾਬ ਸਰਕਾਰ ਤੋਂ ਦਿਵਾਈ ਜਾਂਦੇ ਹਨ, ਇਹ ਉਸ ਮਾਲਕ ਦੇ ਨਿਰਾਲੇ ਚੋਜ ਹਨ।

ਖ਼ੈਰ ੧੯੭੫ ਦੇ ਉਪਰੋਕਤ ਸਾਕੇ ਤੋਂ ਬਾਅਦ ਭਾਈ ਫੌਜਾ ਸਿੰਘ ਨੇ ਇਕ ਪ੍ਰੋਗਰਾਮ ਉਲੀਕਿਆ। ਉਨ੍ਹਾਂ ਨੇ ਕਵਿਤਾ ਵਿਚ ਭੀ ਜ਼ਿਕਰ ਕੀਤਾ ਹੈ ਕਿ ਖਾਲਸੇ ਅੰਦਰ ਜੋ ਜੋਤਿ ਬੁਝਦੀ ਜਾ ਰਹੀ ਹੈ, ਉਸਨੂੰ ਫਿਰ ਜਗਾ ਦਿਆਂਗੇ। ਵਾਕਈ ਉਨ੍ਹਾਂ ਨੂੰ ਦਿਸਦਾ ਪਿਆ ਸੀ ਕਿ ਸਿੱਖਾਂ ਅੰਦਰ ਜੋ ਮਾੜੀਆਂ ਵਾਦੀਆਂ ਪੱਤਤ-ਪੁਣੇ ਦੀਆਂ ਪੈ ਗਈਆਂ ਹਨ, ਇਹ ਘੁਣ ਵਾਂਗ ਖਾਲਸਾ ਪੰਥ ਨੂੰ ਖਾ ਰਹੀਆਂ ਹਨ। ਜੂਨ-ਜੁਲਾਈ ੧੯੭੬ ਵਿਚ ੧੦ ਦਿਨਾਂ ਦੀ ਵਹੀਰ ਨੇ ਗੁਰਦਾਸਪੁਰ ਦੇ ੧੦ ਪਿੰਡਾਂ ਵਿਚ ਧਰਮ ਪ੍ਰਚਾਰ ਦੀ ਸੇਵਾ ਕੀਤੀ। ਇਸ ਵਹੀਰ ਨਾਲ ਦਾਸ ਨੂੰ ਭੀ ਜਾਣ ਦਾ ਸੁਭਾਗ ਪ੍ਰਾਪਤ ਸੀ। ਭਾਈ ਫੌਜਾ ਸਿੰਘ ਦੇ ਮਨ ਉਤੇ ਇਕ ਬਹੁਤ ਹੀ ਮਾੜਾ ਪ੍ਰਭਾਵ, ਜੋ ਉਪਰੋਕਤ ਦੋਹਾਂ ਘਟਨਾਵਾਂ ਨੇ ਛਡਿਆ ਸੀ, ਉਹ ਇਹ ਸੀ ਕਿ ਸ਼ਹਿਰਾਂ ਦੇ ਸਿੱਖ, ਖਾਸ ਕਰਕੇ ਸ੍ਰੀ ਅੰਮ੍ਰਿਤਸਰ ਦੇ, ਕੁਰਬਾਨੀ ਦੇਣ ਵਾਲੇ ਸਿੱਖ ਨਹੀਂ ਹਨ। ਪਤਾ ਨਹੀਂ ਇਨ੍ਹਾਂ ਦੇ ਖ਼ੂਨ ਵਿਚੋਂ ਕੁਰਬਾਨੀ ਦਾ ਮਾਦਾ ਕਦੋਂ ਅਤੇ ਕਿਵੇਂ ਅਲੋਪ ਹੋ ਗਿਆ ਹੈ। ਇਸ ਲਈ ਉਨ੍ਹਾਂ ਨੇ ਪਿੰਡਾਂ ਵਲ ਮੂੰਹ ਕੀਤਾ ਕਿ ਸ਼ਾਇਦ ਸੁੱਤੀ ਪਈ ਕੌਮ, ਜੋ ਅਸਲ ਰੂਪ ਵਿਚ ਪਿੰਡਾਂ ਦੇ ਸਵੱਛ ਮਾਹੌਲ ਵਿਚ ਸੁੱਤੀ ਪਈ ਹੈ, ਨੂੰ ਹਲੂਣਾ ਦੇ ਕੇ ਜਗਾਇਆ ਜਾਵੇ। ਉਨ੍ਹਾਂ ਨੂੰ ਸਤਿਗੁਰਾਂ ਦਾ ਇਤਿਹਾਸ, ਗੁਰਬਾਣੀ ਦਾ ਕੀਰਤਨ ਸੁਣਾ ਕੇ ਅੰਮ੍ਰਿਤ ਛਕਾ ਕੇ ਮੁੜ ਸੁਰਜੀਤ ਕੀਤਾ ਜਾਏ। ਇਸ ਵਹੀਰ ਵਿਚ ਗਤਕੇ ਦੇ ਹੁਨਰ ਦਾ ਭੀ ਸੋਹਣਾ ਪ੍ਰਦਰਸ਼ਨ ਕੀਤਾ ਗਿਆ। ਰਾਤੀ ਦੇ ਦੀਵਾਨਾਂ ਵਿਚ ਕੀਰਤਨ ਤੋਂ ਬਾਅਦ ਪ੍ਰੇਰਨਾ ਕਰਦੇ ਸਨ। ਭਾਈ ਫੌਜਾ ਸਿੰਘ ਜੀ ਦੀ ਪ੍ਰੇਰਨਾ ਵਿੱਚ ਕੋਈ ਮਿਕਨਾਤੀਸੀ ਕਸ਼ਸ਼ ਸੀ, ਜਿਸਦਾ ਸੰਗਤਾਂ ਤੇ ਬਹੁਤ ਹੀ ਚੰਗਾ ਪ੍ਰਭਾਵ ਪੈਂਦਾ ਸੀ। ਇਸ ਕਿਸਮ ਦਾ ਇਕ ਸਮਾਗਮ ਮਾਰਚ 1977 ਵਿਚ ਭੀ ਪੰਦਰ੍ਹਾਂ ਦਿਨਾਂ ਦਾ ਪ੍ਰੋਗਰਾਮ ਖਾਲਸਾ ਫ਼ਾਰਮ ਤੇ ਰਖਿਆ ਗਿਆ, ਜਿਸ ਵਿਚ ਭਾਈ ਫੌਜਾ ਸਿੰਘ ਨੇ ਨੌਜਵਾਨ ਸਿੰਘਾਂ ਵਿਚ ਗਤਕੇ ਦੀ ਸਿਖਲਾਈ ਤੇ ਜ਼ੋਰ ਦਿਤਾ, ਸਿਖ ਪੰਥ ਦੀਆਂ ਅਜ ਦੀਆਂ ਸਮੱਸਿਆਵਾਂ ਦਸੀਆਂ। ਨਾਮ ਅਭਿਆਸ ਅਤੇ ਕੀਰਤਨ ਦੀ ਲਹਿਰ ਨੂੰ ਪ੍ਰਫੁਲਤ ਕੀਤਾ।

'ਕੁਰਬਾਨੀ' ਦੀ ਉਪਰੋਕਤ ਕਵਿਤਾ ਵਿੱਚ ਜਿਥੇ ਭਾਈ ਸਾਹਿਬ ਦਾ ਖਾਲਸਾ ਪੰਥ ਦੀ ਘੂਕ ਨਿੰਦ੍ਰਾ ਬਾਰੇ ਪੂਰਨ ਚੇਤੰਨਤਾ ਦਾ ਸੰਕੇਤ ਮਿਲਦਾ ਹੈ, ਉਥੇ ਇਹ ਚੇਤੰਨਤਾ ਸਾਡੇ ਵਰਗੇ ਬੁਧੀ-ਜੀਵੀਆਂ ਵਾਲੀ ਚੇਤੰਨਤਾ ਨਹੀਂ ਸੀ। ਉਨ੍ਹਾਂ ਤੋਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ ਥਾਂ ਘੋਰ ਨਿਰਾਦਰੀ ਬਰਦਾਸ਼ਤ ਨਹੀਂ ਸੀ ਹੁੰਦੀ। ਚੇਤੰਨਤਾ ਦੇ ਨਾਲ ਨਾਲ ਹੁਣ ਗੁਰੂ ਮਹਾਰਾਜ ਜੀ ਦੇ ਆਦਰ ਸਤਿਕਾਰ ਨੂੰ ਕਾਇਮ ਰਖਣ ਲਈ ਦੰਭੀ ਗੁਰੂਆਂ ਨਕਲੀ ਨਿਰੰਕਾਰੀਆਂ ਵਲੋਂ ਗੁਰੂ ਮਹਾਰਾਜ ਜੀ ਦੀ 'ਖੁਲ੍ਹਮ ਖੁਲ੍ਹੀ ਨਿੰਦਿਆ' ਉਨ੍ਹਾਂ ਤੋਂ ਬਰਦਾਸ਼ਤ ਨਹੀਂ ਸੀ ਹੁੰਦੀ। ਉਪਰੋਕਤ ਕਵਿਤਾ ਵਿਚ ਅੰਤਮ ਸਤਰਾਂ ਵਿਚ ਭਾਈ ਸਾਹਿਬ ਦੇ ਆਖ਼ਰੀ ਫ਼ੈਸਲੇ ਦੀ ਝਲਕ ਪੈਂਦੀ ਹੈ "ਜਬ ਆਵ ਕੀ ਅਉਧ ਨਿਧਾਨ ਬਣਸੀ, ਸੀਸ ਤੇਰਾ ਹੈ ਤੈਨੂੰ ਚੜ੍ਹਾ



www.AKJ.Org

ਦਿਆਂਗੇ।" ਅਤੇ ਅਪ੍ਰੈਲ 1978 ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਦੇ ਜਲੂਸ ਅਤੇ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦਾ ਗੁਰੂ-ਨਿੰਦਾ-ਹਿਤ ਕੀਤੇ ਇਕੱਠ ਨੂੰ, ਸ਼ਾਂਤਮਈ ਤਰੀਕੇ ਨਾਲ 125 ਸਿੰਘਾਂ ਦੇ ਸੰਗ ਸਾਥ ਨੰਗੇ ਪੈਰੀਂ ਇਕ ਸ਼ਾਂਤਮਈ ਜਥੇ ਦੀ ਸ਼ਕਲ ਵਿਚ ਬਾਣੀ ਪੜ੍ਹ ਕੇ, ਰੋਕਣ ਲਈ ਜਾ ਰਹੇ ਸਨ, ਕਿ ਉਧਰੋਂ ਨਿਹੱਥੇ ਸਿੰਘਾਂ ਨੂੰ ਨਕਲੀ ਨਿਰੰਕਾਰੀਆਂ ਦੀ ਫੌਜ ਨੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਅਤੇ ਭਾਈ ਸਾਹਿਬ 12 ਹੋਰ ਸਿੰਘਾਂ ਸਮੇਤ ਸ਼ਹੀਦੀਆਂ ਪਾ ਗਏ, 70–75 ਸਿੰਘ ਜਖਮੀ ਹੋਏ। ਇਨ੍ਹਾਂ ਦੀ ਸ਼ਹੀਦੀ ਤੋਂ ਮਗਰੋਂ ਪੰਥ ਦੇ ਵੱਡੇ ਵੱਡੇ ਲੀਡਰਾਂ ਅਤੇ ਜਥੇਦਾਰਾਂ ਨੇ ਇਹ ਆਪਣੇ ਮੂੰਹੋਂ ਮੰਨਿਆ ਕਿ ਜਿਸ ਮਹਾਨ ਕੰਮ ਤੋਂ ਅਸੀਂ ਸਿਰ ਲੁਕਾਂਦੇ ਰਹੇ, ਉਸ ਲਈ ਭਾਈ ਫੌਜਾ ਸਿੰਘ ਅਤੇ ਹੋਰ ਸਿੰਘਾਂ ਨੇ ਸ਼ਹੀਦੀਆਂ ਦੇ ਕੇ ਨਾ ਕੇਵਲ ਪੰਥ ਨੂੰ ਹਲੂਣਿਆ ਹੈ, ਸਗੋਂ ਸਾਨੂੰ ਭੀ ਮਜਬੂਰ ਕਰ ਦਿਤਾ ਹੈ ਕਿ ਅਸੀਂ ਭੀ ਇਸ ਪਾਸੇ ਵਲ ਧਿਆਨ ਦੇਈਏ।

[ਵਲੋਂ:—ਬੀਬੀ ਹਰਸ਼ਰਨ ਕੌਰ ਜੀ, ਜਲੰਧਰ]

ਇਹ ਹੈ ਐਵੇਂ ਟੂਕ ਮਾਤਰ ਵਿਥਿਆ ਉਸ ਸੰਤ ਸਿਪਾਹੀ ਦੀ 42 ਸਾਲਾਂ ਦੇ ਪਲਕ ਮਾਤਰ ਸਮੇਂ ਦੀ। ਉਸਦੀ ਇੰਨੀ ਥੋੜੀ ਉਮਰ ਵਿੱਚ ਹੀ ਜੋ ਨਿੱਗਰ ਕਮਾਈ ਗੁਰਸਿੱਖੀ ਕਮਾਉਣ ਦੀ ਉਸ ਤੋਂ ਸਤਿਗੁਰੂ ਨੇ ਕਰਾਈ, ਉਸਦਾ ਵਰਨਣ ਭੀ ਜ਼ਰੂਰੀ ਹੈ।

ਉਸ ਸੰਤ ਰੂਪੀ ਰੂਹ ਦਾ ਨਿੱਤ ਕਰਮ ਅੰਮ੍ਰਿਤ ਵੇਲੇ ਦੋ ਵਜੇ ਉਠਣ ਤੋਂ ਸ਼ੁਰੂ ਹੁੰਦਾ ਸੀ। ਇਸ਼ਨਾਨ ਕਰਕੇ ਨਾਮ ਅਭਿਆਸ ਦੀ ਮਧਾਣੀ ਐਸੀ ਚਲਦੀ ਸੀ ਕਿ ਅੰਮ੍ਰਿਤ ਮੱਖਣ ਕੱਢ ਕੱਢ ਛਕਦੇ ਸੀ। ਫਿਰ ਬਾਣੀ ਨਿੱਤਨੇਮ, ਸਤਿਗੁਰੂ ਦੇ ਦਰਸ਼ਨ, ਕੀਰਤਨ, ਸਤਿ-ਸੰਗਤ, ਅਤੇ ਫਿਰ ਸੇਵਾ ਦਾ ਸਾਰਾ ਦਿਨ ਚਾਉ ਚੜ੍ਹਿਆ ਰਹਿਣਾ। ਉਨ੍ਹਾਂ ਪਾਸ ਅੰਮ੍ਰਿਤਸਰ ਜਾਈਦਾ ਸੀ। ਉਨ੍ਹਾਂ ਦਾ ਬੁੰਗਾ ਬਹੁਤੇ ਸਾਲ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਰਿਹਾ, ਇਸ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਹੋਣ ਦੇ ਲਾਭ ਨੂੰ ਮੁੱਖ ਰੱਖ ਕੇ ਬਹੁਤ ਸਾਰੇ ਸਿੰਘ ਸਿੰਘਣੀਆਂ ਉਨ੍ਹਾਂ ਪਾਸ ਹੀ ਚਲੇ ਜਾਂਦੇ। ਇਹ ਸੁਭਾਗ ਜੋੜੀ ਤੀਜੀ ਮੰਜ਼ਲ ਤੇ ਨਿਵਾਸ ਰੱਖਦੀ ਸੀ ਅਤੇ ਉੱਥੇ ਪਾਣੀ ਦਾ ਕੋਈ ਸਾਧਨ ਨਹੀਂ ਸੀ। ਮੈਂ ਆਪ ਦੇਖ ਕੇ ਹੈਰਾਨ ਹੋਇਆ ਕਰਦੀ ਸੀ ਕਿ ਤਿੰਨ ਪੌੜੀਆਂ (ਜੋ ਕਾਫ਼ੀ ਤੰਗ ਸਨ, ਵਿਚੋਂ ਲੰਘਣਾ ਖਾਲੀ ਹੱਥ ਹੀ ਮੁਸ਼ਕਿਲ ਸੀ) ਚੜ੍ਹ ਕੇ ਰਾਤੀਂ ਸੌਣ ਤੋਂ ਪਹਿਲੋਂ ਹੀ ਜਿੰਨੇ ਸਰੀਰ ਘਰ ਠਹਿਰੇ ਹੋਣ, ਉਨ੍ਹਾਂ ਦੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਲਈ ਇਸ ਗੁਰੂ-ਦੁਲਾਰੇ ਯੋਧੇ ਨੇ ਸਾਰਾ ਜਲ ਆਪਣੀ ਹੱਥੀਂ ਨੀਚੇ ਗਲੀ ਦੇ ਨਲਕੇ ਵਿਚੋਂ ਭਰ ਭਰ ਕੇ ਉੱਪਰ ਸਾਰੇ ਟੱਬ, ਬਾਲਟੀਆਂ ਭਰ ਕੇ ਰੱਖਣੇ। ਜੇ ਆਖਣਾ ਭੀ ਕਿ ਕੋਈ ਬੰਦੋਬਸਤ ਕਰੋ ਪਾਣੀ ਦਾ, ਇਹ ਬੜੀ ਮੁਸ਼ਕਿਲ ਹੈ, ਤਾਂ ਹੱਸ ਕੇ ਕਹਿਣਾ, ਭੈਣ! ਜੇ ਕੋਈ ਬੰਦੋਬਸਤ ਹੋ ਗਿਆ ਤਾਂ ਦਾਸਰੇ ਤੋਂ ਸੇਵਾ ਛੁੱਟ ਜਾਏਗੀ।

ਆਪਣਾ ਤਨ, ਆਪਣਾ ਧਨ ਸਦਾ ਦੂਜਿਆਂ ਵਾਸਤੇ ਹਾਜ਼ਰ ਰੱਖਣਾ, ਅਤੇ ਮਨ ਨੇ ਸਦਾ ਸਤਿਗੁਰੂ ਜਾਂ ਪੰਥ ਨੂੰ ਹੀ ਆਪਣੇ ਖ਼ਿਆਲਾਂ ਜਾਂ ਯਾਦ ਵਿਚ ਰੱਖਣਾ, ਇਹ ਉਸਦੀ ਕੁਦਰਤੀ ਬਣਤਰ ਹੀ ਸੀ। ਆਲਸ, ਨੀਂਦ, ਭੁੱਖ ਕਦੀ ਨੇੜੇ ਆਈ ਮੈਂ ਨਹੀਂ ਤੱਕੀ। ਸਭ ਕੁਝ ਉਹ ਰੰਗ-ਰੱਤੜੀ ਰੂਹ ਕਰਦੀ ਸੀ, ਪਰ ਸਰੀਰਕ ਕਰਮ ਜੋ ਕੁਦਰਤ ਵਲੋਂ ਜ਼ਰੂਰੀ ਸਨ। ਬਾਕੀ ਜੋ ਉਸਦਾ ਮਨ ਕਰਦਾ ਜਾਂ ਕਰਨਾ ਚਾਹੁੰਦਾ ਸੀ, ਉਹ ਸੀ ਗੁਰੂ ਕੀ ਕਾਰ।

ਅਸੀਂ ਇਹ ਗੱਲ ਕਈ ਵਾਰੀ ਘਰ ਆਪਸ ਵਿੱਚ ਕੀਤੀ ਕਿ ਇਹ ਕੋਈ ਸ਼ਹੀਦੀ ਰੂਹ ਕਿਸੇ ਖ਼ਾਸ ਕਾਰਨ ਲਈ ਭੇਜੀ ਗਈ ਹੈ, ਜਿਸ ਦਿਨ ਉਹ ਕਾਰਨ ਹੋ ਗਿਆ ਇਹ ਚਲੀ ਜਾਏਗੀ, ਇਹ ਬਹੁਤੀ ਦੇਰ ਠਹਿਰਦੀ ਨਜ਼ਰ ਨਹੀਂ ਆਉਂਦੀ। ਉਹ ਕਾਰਨ



www.AKJ.Org

ਉਸ ਤੋਂ ਗੁਰੂ ਨੇ ਆਪਣੇ ਬਾਪੜੇ ਨਾਲ ਕਰਾਇਆ, ਸੁੱਤੀ ਖਾਲਸਾ ਕੌਮ ਨੂੰ ਜਗਾਉਣ ਲਈ ਕਰਾਇਆ। ਖਾਲਸਾ ਪੰਥ ਦੀਆਂ ਰਗਾਂ ਵਿਚ ਜੋ ਸਤਿਗੁਰੂ ਲਈ ਪ੍ਰੇਮ, ਸ਼ਰਧਾ ਤੇ ਸਤਿਕਾਰ ਦੀ ਰੌ ਦਾ ਬੰਨਾ ਟੁੱਟ ਕੇ ਖਾਲਸਈ ਸਪਿਰਿਟ ਹੁਣ ਖਾਲਸੇ ਦੇ ਅੰਦਰੋਂ ਅਜਾਈਂ ਬਾਹਰ ਵਗ ਕੇ ਪੰਥ ਨੂੰ ਨਿਸੱਤਾ ਕਰ ਰਹੀ ਸੀ, ਉਸ ਟੁੱਟੇ ਹੋਏ ਬੰਨ ਨੂੰ ਬੰਨਾ ਲਾਉਣ ਦੀ ਸੇਵਾ ਇਹ ਕਾਰਨ ਬਣੀ। ਉਹ ਦੂਲਾ, ਸ਼ੇਰ ਸਿੰਘ ਗੁਰੂ-ਹੁਕਮਾਂ ਅੰਦਰ ਤਿਆਰ ਤਾਂ ਸਦਾ ਹੀ ਸੀ, ਪਰ ਵਿਸਾਖੀ ਨੂੰ ਅੰਤਮ ਤੇ ਖਾਸ ਹੁਕਮਨਾਮਾ ਸਤਿਗੁਰਾਂ ਜੋ ਭੇਜਿਆ ਕਿ ਜੋ ਦੁਸ਼ਟ ਜੋਕਾਂ ਅੱਗੇ ਪੰਥ ਨੂੰ ਨਿਚੋੜਨ ਲਈ ਲੱਗੀਆਂ ਹੋਈਆਂ ਹਨ, ਅੱਜ ਲੱਖਾਂ ਦੀ ਤਾਦਾਦ ਵਿਚ ਪੰਥ ਦੀ ਸ਼ਾਹ ਰਗ ਨੂੰ ਆਣ ਚੰਬੜੀਆਂ ਹਨ, ਇਹ ਹੁਣ ਤੋੜ ਕੇ ਅੱਜ ਸੁੱਟਣੀਆਂ ਪੈਣੀਆਂ ਹਨ। ਉਹ ਹੁਕਮੀ ਬੰਦਾ ਐਸਾ ਸੀ ਜਿਸਨੇ ਕਦੀ ਭੀ ਹੁਕਮ ਮੰਨਣ ਤੋਂ ਕਿੰਤੂ ਨਹੀਂ ਸੀ ਕੀਤਾ, ਲੰਗਰ ਦੀ ਸੇਵਾ ਕਰਦਾ ਉੱਠ ਕੇ ਖੜਾ ਹੋ ਗਿਆ, ਹਾਜ਼ਰ ਹੋ ਗਿਆ। ਸਤਿ ਬਚਨ ਆਖ ਤੁਰ ਪਿਆ, ਜੋ ਸੇਵਾ ਸਤਿਗੁਰੂ ਨੇ ਧੁਰੋਂ ਸੌਂਪ ਕੇ ਤੋਰਿਆ ਸੀ ਉਹ ਉਸਦੀ ਕਿਰਪਾ ਨਾਲ ਨਿਭਾ ਗਿਆ, ਕੌਮ ਜੋ ਨਿਸੱਤੀ ਤੇ ਨਿੱਸਲ ਹੋਈ ਪਈ ਸੀ, ਉਸ ਆਪਣਾ ਤੇ ਬਾਰ੍ਹਾਂ ਗੁਰਸਿੱਖ ਰੂਹਾਂ ਦਾ ਖ਼ੂਨ ਦੇ ਕੇ ਉਸਦੀ ਬੇਹੋਸ਼ੀ ਤੋੜ ਗਿਆ, ਮੁੜ ਪੈਰਾਂ ਤੇ ਖੜੀ ਇੱਕ ਵਾਰ ਤਾਂ ਕਰ ਗਿਆ। ਹੁਣ ਪੰਥ ਦਾ ਕੰਮ ਹੈ ਆਪਣਾ ਆਪ ਸੰਭਾਲੇ, ਜੋ ਲਹੂ-ਪੀਣੀਆਂ ਜੋਕਾਂ ਉਹ ਸੇਵਾਦਾਰ ਤੋੜ ਕੇ ਸੁੱਟ ਗਿਆ ਹੈ, ਉਨ੍ਹਾਂ ਨੂੰ ਮੁੜ ਨਾ ਚੰਬੜਨ ਦੇਵੇ। ਆਪਣੀ ਸੱਤਾ ਕਾਇਮ ਰਖੇ ਤੇ ਸਤਿਗੁਰੂ ਦੇ ਹਜ਼ੂਰ ਪਹਿਰੇਦਾਰ ਬਣ ਕੇ ਸਤਿਗੁਰੂ ਦਾ ਸਤਿਕਾਰ ਬਰਕਰਾਰ ਰਖੇ, ਕਿਸੇ ਲਾਲਚ ਅਧੀਨ ਹੁਣ ਦੱਬੇ ਨਾ।

## ਆਖ਼ਰੀ ਬੇਨਤੀ

ਗੁਰੂ ਸੇਵਾ, ਗੁਰੂ ਸਤਿਕਾਰ ਕਾਇਮ ਦਾਇਮ ਰੱਖਣ ਲਈ ਜੋ ਸ਼ਮ੍ਹਾ ਇਹ ਗੁਰੂ ਦੁਲਾਰੇ ਜਗਾ ਗਏ ਹਨ, ਉਸ ਨੂੰ ਲਟਾ ਲਟ ਜਲਦੀ ਰੱਖ ਕੇ, ਕੌਮ ਨੂੰ ਸਤਿਗੁਰੂ ਦੇ ਚਰਨਾਂ ਵਿਚ ਸੇਵਾ ਲਈ ਤੱਤਪਰ ਰੱਖਣਾ ਹੁਣ ਕੌਮ ਦੇ ਜਥੇਦਾਰਾਂ ਅਤੇ ਲੀਡਰਾਂ ਦਾ ਕੰਮ ਹੈ। ਅਸੀਂ ਜਾਬਰ ਨਹੀਂ, ਪਰ ਸਾਰਾ ਜ਼ਮਾਨਾ ਕੰਨ ਖੋਲ੍ਹ ਕੇ ਸੁਣ ਲਵੇ ਕਿ ਅਸੀਂ ਦਬੈਲ ਭੀ ਬਿਲਕੁਲ ਨਹੀਂ। ਸੋ ਅਸੀਂ ਇਹ ਪੁਰ-ਜ਼ੋਰ ਮੰਗ ਕਰਦੇ ਹਾਂ ਕਿ ਇਸ ਅਦੁੱਤੀ ਸ਼ਹੀਦੀ ਦੀ ਸਪਿਰਿਟ ਉਤੇ ਹੁਣ ਕਿਸੇ ਕਿਸਮ ਦੇ ਹਾਲਾਤ ਅੰਦਰ ਦਬ ਕੇ, ਪੜਦਾ ਨਾ ਪੈਣ ਦਿੱਤਾ ਜਾਏ। ਹਰ ਹਾਲਤ ਇਹ ਗੁਰੂ-ਚਰਨਾਂ ਤੋਂ ਘੋਲ ਘੁਮਾਈ ਹੋਣ ਵਾਲੀ ਸਪਿਰਿਟ ਕਾਇਮ ਦਾਇਮ ਰਹੇ।

ਅਸੀਂ ਸੰਤ ਪਹਿਲੋਂ ਹਾਂ, ਸਿਪਾਹੀ ਮਗਰੋਂ। ਇਸ ਤੋਂ ਸਪੱਸ਼ਟ ਹੈ ਕਿ ਅਸੀਂ ਕਿਸੇ ਨੂੰ ਕਦੀ ਪਹਿਲੋਂ ਕੁਝ ਨਾ ਕਹਾਂਗੇ, ਪਰ ਅਸੀਂ ਨਾ ਸੱਤੀ ਵੀਹੀਂ ਸੌ ਮਨਾਉਂਦੇ ਹਾਂ ਤਾਂ ਨਾ ਚਾਰ ਵੀਹੀਂ ਸੌ ਕਦੀ ਭੀ ਮੰਨਾਂਗੇ। ਸੋ ਹੁਣ ਹੱਕੋ-ਹੱਕ ਨਿਬੇੜਾ ਅੱਜ ਦੇ ਕੌਮ ਦੇ ਸਿਰਕਰਦੇ ਲੀਡਰਾਂ ਤੇ ਨਿਰਭਰ ਹੈ, ਜੋ ਉਨ੍ਹਾਂ ਨੂੰ ਹਰ ਹਾਲਤ ਕਰਾਉਣਾ ਹੀ ਪੈਣਾ ਹੈ।

# ਖ਼ਾਲਸੇ ਨੂੰ ਵੰਗਾਰ

[ਵਲੋਂ—ਸ: ਕਰਤਾਰ ਸਿੰਘ ਕੌਮੀ, ਜਨਰਲ ਸਕੱਤਰ, ਬੀਰ ਖ਼ਾਲਸਾ ਦਲ, ਅੰਬਾਲਾ ਛਾਉਣੀ]

ਨੀਂਹਾਂ ਵਿਚ ਦਸਮੇਸ਼ ਦੇ ਲਾਲ ਬੋਲੇ, ਉਠ ਖ਼ਾਲਸਾ ਫਿਰ ਹੁਸ਼ਿਆਰ ਹੋ ਜਾ।
ਤੇਰੀ ਅਣਖ ਨੂੰ ਕਿਸੇ ਵੰਗਾਰਿਆ ਏ, ਚੜ੍ਹ ਘੋੜੇ ਤੇ ਜਲਦੀ ਸਵਾਰ ਹੋ ਜਾ।
ਅੰਮ੍ਰਿਤਸਰ ਸ਼ਹੀਦਾਂ ਦੀ ਰੂਹ ਬੋਲੇ, ਧੌਣ ਕਾਤਲਾਂ ਦੇ ਉਤੇ ਭਾਰ ਹੋ ਜਾ।
ਨਾਲ ਧਰਮ ਨਾ ਧੱਕਾ ਸਹਾਰ ਹੋਵੇ, ਸੀਸ ਵਾਰਨੇ ਲਈ ਤਿਆਰ ਹੋ ਜਾ।
ਸਿਰ ਦੇ ਕੇ ਸਿੱਖੀ ਗ੍ਰਹਿਣ ਕਰ ਲੈ, ਫਿਰ ਸੁਰਖ਼ਰੂ ਸੱਚੇ ਦਰਬਾਰ ਹੋ ਜਾ।



www.AKJ.Org

# ਸ਼ਹੀਦ ਭਾਈ ਹਰਭਜਨ ਸਿੰਘ ਜੀ, ਭੱਟੀਆਂ

[ਵਲੋਂ—ਭਾਈ ਬਲਦੇਵ ਸਿੰਘ ਜੀ ਬੀ. ਏ., ਐਲ ਐਲ. ਬੀ.]

ਵੀਰ ਹਰਭਜਨ ਸਿੰਘ ਅਜ ਸਾਡੇ ਪਾਸ ਨਹੀਂ ਹਨ। ਉਹਨਾਂ ਦਾ ਛਾਨਣੀ ਛਾਨਣੀ ਹੋਇਆ ਮਿਰ-ਤਕ ਸਰੀਰ ਇਕ ਦੋ ਦਿਨ ਤਾਂ ਸਾਡੇ ਪਾਸ ਰਿਹਾ ਅਤੇ ਆਖ਼ਿਰ ਅਸੀਂ ਉਸਨੂੰ ਕਿੰਨੀ ਕੁ ਦੇਰ ਆਪਣੇ ਪਾਸ ਰੱਖਣਾ ਸੀ। ਅੰਤ ਨੂੰ ਆਪਣੇ ਹੱਥੀਂ ਮੋਢਾ ਦੇ ਕੇ ਅੱਖਾਂ ਵਿਚ ਰੋਸ ਅਤੇ ਜੋਸ਼ ਦੇ ਹੰਝੂ ਵਹਾਂਦਿਆਂ ਹੋਇਆਂ ਸਾਨੂੰ ਉਹਨਾਂ ਦਾ ਸਸਕਾਰ ਕਰਨਾ ਹੀ ਪਿਆ।

ਉਹਨਾਂ ਦਾ ਤਨ ਮਨ ਧਨ ਤਾਂ ਲੇਖੇ ਲਗ ਹੀ ਗਿਆ ਏ, ਪਰ ਉਹਨਾਂ ਦੀਆਂ ਕੁਝ ਅਭੁੱਲ ਯਾਦਾਂ ਸਾਡੇ ਵਾਸਤੇ ਇਕ ਚਾਨਣ-ਮੁਨਾਰੇ ਦੀ ਨਿਆਈਂ ਹਨ। ਮੇਰੇ ਪਰਮ ਸਨੇਹੀ ਵੀਰ ਹਰਭਜਨ ਸਿੰਘ ਜੀ, ਜੋ ਕਿ ੧੩ ਅਪ੍ਰੈਲ ੧੯੭੮ ਦੇ ਖ਼ੂੰਖਾਰ ਸਾਕੇ ਵਿਚ ਸ਼ਹੀਦ ਹੋ ਗਏ ਹਨ, ਪੰਥ ਦੇ ਇਕ ਅਨਮੋਲ ਮੋਤੀ ਸਨ। ਉਹ ਇਕ ਸੱਚੇ ਅਤੇ ਸੁੱਚੇ ਹੀਰੇ ਦੀ ਨਿਆਣੀਂ ਜੀਵੇ ਅਤੇ ਜਦੋਂ ਉਹਨਾਂ ਦੀ ਗੁਰਮਤਿ ਕਸਵੱਟੀ ਤੇ ਪਰਖ ਹੋਈ ਤਾਂ ਦੂਣੀ ਚੌਣੀ ਚਮਕ ਦੇ ਕੇ ਆਪਣੇ ਸੱਚੇ ਅਤੇ ਸੁਚੇਪਨ ਦਾ ਸਬੂਤ ਦਿੱਤਾ।

ਇਸ ਮਰਜੀਵੜੇ ਦਾ ਜਨਮ ਇਕ ਵਾਹੀ-ਜੋਤੀ ਕਰਨ ਵਾਲੇ ਪਰਿਵਾਰ, ਪਿੰਡ ਭੱਟੀਆਂ ਜ਼ਿਲਾ ਗੁਰਦਾਸ-ਪੁਰ ਵਿਚ ੧੭ ਵੈਸਾਖ (ਅਪ੍ਰੈਲ) ੧੯੪੭ ਈ: ਨੂੰ ਹੋਇਆ। ਆਪ ਦੇ ਪਿਤਾ ਸ: ਜਗਤ ਸਿੰਘ ਜੀ ਬਹੁਤ ਗੁਰਮੁਖ ਹਨ ਅਤੇ ਸੰਨ ੧੯੨੩-੨੪ ਤੋਂ ਲੈ ਕੇ ਅਜ ਤਕ ਤਿਆਰ ਬਰ ਤਿਆਰ ਖਾਲਸੇ ਹਨ। ਉਹ ਬਹੁਤ ਉਘੇ ਅਤੇ ਪੁਰਾਣੇ ਅਕਾਲੀ ਵਰਕਰ ਹਨ। ਖਾਸ ਕਰਕੇ ਭੱਟੀਆਂ ਵਰਗੇ ਪਿੰਡ ਵਿਚ, ਜਿਥੇ ਕਿ ਆਮ ਲੋਕ ਕਮਿਊਨਿਸਟ ਖ਼ਿਆਲਾਂ ਦੇ ਹਨ, ਇਸ ਦੇ ਬਾਵਜੂਦ ਵੀ ਭਾਈ ਜਗਤ ਸਿੰਘ ਜੀ ਆਪਣੇ ਕੱਟੜ ਖ਼ਿਆਲਾਂ ਵਿਚ ਅਟੱਲ ਵਿਚਰਦੇ ਹਨ। ਹਰਭਜਨ ਸਿੰਘ ਦੀ ਸ਼ਹੀਦੀ ਬਾਰੇ ਦਾਸ ਉਹਨਾਂ ਨਾਲ ਜਦੋਂ ਵੀ ਕੋਈ ਗੱਲ ਕਰਦਾ ਹੈ ਤਾਂ ਉਹਨਾਂ ਦੀਆਂ ਅੱਖਾਂ ਵਿਚ ਅਲੌਕਿਕ ਚਮਕ ਦਮਕ ਹੁੰਦੀ ਹੈ ਅਤੇ ਆਪਣੇ ਜੋਸ਼ੀਲੇ ਨੇਤਰਾਂ ਨੂੰ ਉਪਰ ਚੁਕ ਕੇ ਬੜੇ ਹੀ ਠੰਡੇ ਮਿਜ਼ਾਜ ਨਾਲ ਇਉਂ ਕਹਿੰਦੇ ਹਨ ਕਿ ਮੇਰਾ ਪੁੱਤਰ ੩੧ ਸਾਲ ਦੀ ਨਿੱਕੀ ਜਿੰਨੀ ਉਮਰ ਵਿਚ ਬਹੁਤ ਕੁਝ ਕਰਕੇ ਦਿਖਾ ਗਿਆ ਅਤੇ ਸਾਡੇ ਤੋਂ ਬਹੁਤ ਅੱਗੇ ਨਿਕਲ ਗਿਆ ਏ। ਉਹ ਇਹ ਵੀ ਬੜੀ ਨਿਮਰਤਾ ਸਹਿਤ ਕਹਿ ਦਿਆ ਕਰਦੇ ਹਨ ਕਿ ਮੈਨੂੰ ਬੜਾ ਮਾਣ ਹੈ, ਮੇਰਾ ਪੁੱਤਰ ਗੁਰੂ ਪੰਥ ਖਾਲਸੇ ਦੀ ਸ਼ਾਨ ਨੂੰ ਕਾਇਮ ਰੱਖਣ ਵਾਸਤੇ ਅਤੇ ਗੁਰੂ ਸਾਹਿਬਾਂ ਦੀ ਨਿੰਦਾ ਨੂੰ ਨਾ ਸਹਾਰਦਾ ਹੋਇਆ ਸ਼ਹੀਦੀ ਪਾ ਗਿਆ ਏ।

ਭਾਈ ਹਰਭਜਨ ਸਿੰਘ ਦੇ ਮਾਤਾ ਜੀ ਵੀ ਅੰਮ੍ਰਿਤ-ਧਾਰੀ ਬੀਬੀ ਜੀ ਹਨ। ਪੁੱਤਰ ਦੀ ਸ਼ਹੀਦੀ ਤੇ ਉਹਨਾਂ ਨੇ ਅਕਾਲਪੁਰਖ ਦਾ ਸ਼ੁਕਰਾਨਾ ਕੀਤਾ, ਜਿਵੇਂ ਕਿ ਗੁਰੂ ਸਾਹਿਬ ਦਾ ਹੁਕਮ ਹੈ—

"ਜਿਸ ਕੀ ਬਸਤੁ ਤਿਸੁ ਆਗੈ ਰਾਖੈ॥
ਪ੍ਰਭ ਕੀ ਆਗਿਆ ਮਾਨੈ ਮਾਥੈ॥"

ਪਰ ਅੱਖਾਂ ਵਿਚੋਂ ਇਕ ਅੱਥਰ ਤਕ ਨਹੀਂ ਕੇਰੀ। ਬਲਕਿ ਜੇ ਕੋਈ ਹੋਰ ਰੋਂਦਾ ਰਿਹਾ ਤਾਂ ਉਸ ਨੂੰ ਰੋਣ ਤੋਂ ਬੰਦ ਹੋਣ ਵਾਸਤੇ ਕਹਿੰਦੇ ਰਹੇ। ਆਪ ਦੇ ਮਾਤਾ ਹਰਬੰਸ ਕੌਰ ਜੀ ਬਹੁਤ ਧੀਮੇ ਅਤੇ ਨੇਕ ਸੁਭਾਅ ਦੇ ਹਨ। ਉਹਨਾਂ ਵਿਚ ਨਿਮਰਤਾ ਕੁਟ ਕੁਟ ਕੇ ਭਰੀ ਪਈ ਏ ਅਤੇ ਘਰ ਵਿਚ ਵਿਚਰਦਿਆਂ ਕਦੀ ਵੀ ਕਿਸੇ ਨਾਲ ਉਚੀ ਨਹੀਂ ਬੋਲਦੇ। ਹਰਭਜਨ ਸਿੰਘ ਨੂੰ ਇਹ ਸਭ ਕੁਝ ਜੋ ਪ੍ਰਾਪਤ ਹੋਇਆ, ਇਹ ਬਹੁਤ ਕੁਝ, ਉਸ ਦੇ ਗੁਰਮੁਖ ਮਾਤਾ ਪਿਤਾ ਦੀ ਦੇਣ ਹੈ।

ਹਰਭਜਨਸਿੰਘ ਜੀ ਆਪਣੇ ਪਿਛੇ ਪਤਨੀ ਜੋਗਿੰਦਰ ਕੌਰ ਜੀ, ਜੋ ਕਿ ਕੇਸਕੀ ਸਹਿਤ ਤਿਆਰ-ਬਰ-ਤਿਆਰ



www.AKJ.Org

ਹਨ ਅਤੇ ਤਿੰਨ ਬੱਚੇ : ਬਲਜਿੰਦਰ ਸਿੰਘ (੧੧ ਸਾਲ), ਕੁਲਵੰਤ ਕੌਰ (੮ ਸਾਲ) ਅਤੇ ਕਾਕਾ ਬਲਕਾਰ ਸਿੰਘ ੮ ਮਹੀਨੇ, ਛੱਡ ਗਏ ਹਨ। ਆਪ ਜੀ ਦੀ ਸਿੰਘਣੀ ਵੀ ਭਾਣੇ ਵਿਚ ਵਿਚਰਦੇ ਹੋਇ ਜਿਉਂ ਦੇ ਤਿਉਂ ਚੜ੍ਹਦੀਆਂ ਕਲਾਂ ਵਿਚ ਹਨ। ਤਿੰਨਾਂ ਬੱਚਿਆਂ ਦੀ ਵੀ ਰਹਿਤ ਬਹਿਤ ਦਾ ਪੂਰਾ ਖ਼ਿਆਲ ਰੱਖਦੇ ਹਨ। ਇਹਨਾਂ ਬੱਚਿਆਂ ਵਲ ਦੇਖ ਕੇ ਮਨ ਬਹੁਤ ਖਿੜਦਾ ਹੈ, ਜਦੋਂ ਕਿ ਤਿੰਨਾਂ ਬੱਚਿਆਂ ਦੇ ਕੇਸਾਂ ਤੇ ਕੇਸਕੀ, ਗਲ ਵਿਚ ਕਿਰਪਾਨਾਂ, ਤੇੜ ਕਛਹਿਰੇ, ਹੱਥਾਂ ਵਿਚ ਕੜੇ ਸੁਸ਼ੋਭਤ ਨਜ਼ਰੀ ਆਂਵਦੇ ਹਨ। ਗੁਰੂ ਵਾਹਿਗੁਰੂ ਪਿਤਾ, ਭੈਣ ਜੋਗਿੰਦਰ ਕੌਰ ਜੀ ਹੋਰਾਂ ਨੂੰ ਹੋਰ ਵੀ ਭਾਣੇ ਵਿਚ ਵਿਚਰਨ ਦੀ ਸਮਰੱਥਾ ਬਖਸ਼ਣ ਅਤੇ ਪਤੀ ਜੀ ਦੇ ਸਦੀਵੀ ਵਿਛੋੜੇ ਨੂੰ ਅੰਦਰੇ ਅੰਦਰ ਹੀ ਜਰਨ ਦਾ ਬਲ ਬਖਸ਼ਣ। ਹਰਭਜਨ ਸਿੰਘ ਜੀ ਕੋਈ ਉਹਨਾਂ ਪਾਸੋਂ ਦੂਰ ਨਹੀਂ ਹਨ, ਉਹ ਸਦਾ ਹੀ ਉਹਨਾਂ ਦੇ ਅੰਗ ਸੰਗ ਹਨ।

ਹਰਭਜਨ ਸਿੰਘ ਜੀ ਦੇ ਤਿੰਨ ਭਾਈ ਹਨ— ਸਰਦਾਰ ਨਿਰੰਜਨ ਸਿੰਘ, ਜੋ ਕਿ ਇਕ ਸਰਕਾਰੀ ਸਕੂਲ ਵਿਚ ਅਧਿਆਪਕ ਹਨ; ਸ: ਗੁਰਮੀਤ ਸਿੰਘ ਜੋ ਕਿ ਬੀ. ਐਸ. ਐਫ. ਵਿਚ ਭਰਤੀ ਹਨ ਅਤੇ ਸ: ਹਰਦੇਵ ਸਿੰਘ ਖੇਤੀਬਾੜੀ ਦਾ ਕੰਮ ਕਰਦੇ ਹਨ। ਆਪ ਦੀਆਂ ਦੋ ਭੈਣਾਂ ਵੀ ਹਨ, ਜਿਹੜੀਆਂ ਆਪਣੇ ਆਪਣੇ ਘਰੇ ਸੁਖੀ ਜੀਵਨ ਬਤੀਤ ਕਰ ਰਹੀਆਂ ਹਨ।

ਆਪਣੇ ਸਾਰੇ ਭੈਣ-ਭਰਾਵਾਂ ਵਿਚ ਸਿਰਫ ਆਪ ਹੀ ਅੰਮ੍ਰਿਤਧਾਰੀ ਸਨ। ਪਰ ਉਹ ਆਪਣੇ ਭਰਾਵਾਂ ਅਤੇ ਭੈਣਾਂ ਨੂੰ ਲਗਾਤਾਰ ਅੰਮ੍ਰਿਤ ਪਾਨ ਕਾਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਸਾਨੂੰ ਇਹ ਆਸ ਹੈ ਕਿ ਹੁਣ ਸ਼ਹੀਦ ਹਰਭਜਨ ਸਿੰਘ ਦੀ ਸ਼ਹਾਦਤ ਪੂਰੇ ਪਰੀਵਾਰ ਨੂੰ ਕੀ, ਪੂਰੇ ਗੁਰਦਾਸਪੁਰ ਜ਼ਿਲੇ ਨੂੰ ਗੁਰਸਿਖੀ ਰੰਗਣ ਵਿਚ ਰੰਗ ਦਏਗੀ। ਆਪ ਦੇ ਸਾਰੇ ਭੈਣ ਭਰਾ ਬਹੁਤ ਨੇਕ, ਪੜ੍ਹੇ ਲਿਖੇ ਅਤੇ ਰੱਬ ਦਾ ਭਉ ਰੱਖ ਕੇ ਜੀਊਣ ਵਾਲੇ ਹਨ।

ਭਾਈ ਹਰਭਜਨ ਸਿੰਘ ਨੇ ਆਪਣੀ ਮੁਢਲੀ ਵਿਦਿਆ ਪਿੰਡ ਭੱਟੀਆਂ ਵਿਖੇ ਅਤੇ ਦਸਵੀਂ ਤਕ ਦੀ ਪੜ੍ਹਾਈ ਸਰਕਾਰੀ ਸਕੂਲ ਕਾਹਨੂੰਵਾਨ ਛੰਭ ਵਿਖੇ ਸੰਪੂਰਨ ਕੀਤੀ। ਆਪ ਪੜ੍ਹਾਈ ਵਿਚ ਬਹੁਤ ਲਾਇਕ ਸਨ। ਇਹੀ ਕਾਰਨ ਸੀ ਕਿ ਉਹ ਪਹਿਲੀ ਤੋਂ ਲੈ ਕੇ ਦਸਵੀਂ ਤਕ ਕਦੀ ਫ਼ੇਲ੍ਹ ਨਹੀਂ ਸਨ ਹੋਏ। ਮੈਟ੍ਰਿਕ ਤੋਂ ਬਾਅਦ ਕੁਝ ਦੇਰ ਆਪ ਜੀ ਨੇ ਕਾਲਜ ਵਿਚ ਪੜ੍ਹਾਈ ਅਰੰਭ ਕੀਤੀ, ਪਰ ਪੜ੍ਹਾਈ ਵਿਚੇ ਹੀ ਛੱਡ ਕੇ ਲੁਧਿਆਣੇ ਯੂਨੀਵਰਸਿਟੀ ਵਿਚ ਐਗਰੀਕਲਚਰ ਦਾ ਕੋਰਸ ਕਰਨ ਲਈ ਦਾਖ਼ਲ ਹੋ ਗਏ। ਕੋਰਸ ਕਰਨ ਤੋਂ ਕੁਝ ਕੁ ਦੇਰ ਬਾਅਦ ਆਪ ਇੰਸਪੈਕਟਰ ਦੇ ਤੌਰ ਤੇ ਕੰਮ ਕਰਨ ਲਗ ਪਏ ਅਤੇ ਇਸ ਸਮੇਂ ਆਪ ਸ੍ਰੀ ਹਰਿਗੋਬਿੰਦਪੁਰ ਬਲਾਕ ਵਿਚ ਕੰਮ ਕਰ ਰਹੇ ਸਨ। ਆਪ ਦੀ ਨੌਕਰੀ ਦਾ ਸਥਾਨ ਕਾਦੀਆਂ ਜ਼ਿਲਾ ਗੁਰਦਾਸਪੁਰ ਸੀ। ਆਪ ਨੇ ਨੌਕਰੀ ਵਿਚ ਵੀ ਬਹੁਤ ਹੀ ਨੇਕ-ਦਿੱਲੀ ਤੋਂ ਕੰਮ ਲਿਆ ਅਤੇ ਜਿਥੇ ਵੀ ਜਾ ਕੇ ਅਸੀਂ ਆਪ ਜੀ ਦੇ ਬਾਰੇ ਵਿਚ ਗਲਬਾਤ ਕੀਤੀ ਤਾਂ ਉਹਨਾਂ ਨੇ ਬਹੁਤ ਹੀ ਡੂੰਘਾ ਸਦਮਾ ਮਹਿਸੂਸ ਕੀਤਾ।

ਪਹਿਲੇ ਜੀਵਨ ਵਿਚ ਆਪ ਬਹੁਤ ਹੀ ਸ਼ੌਕੀਨ ਸੁਭਾ ਦੇ ਸਨ। ਨੈਕਟਾਈ, ਪੈਂਟ, ਕੋਟ, ਬੁਸ਼ਰਟ ਆਦਿ ਪਹਿਨ ਕੇ ਅਪ-ਟੂ-ਡੇਟ ਰਹਿੰਦੇ ਸਨ। ਅਜ ਤੋਂ ਤਿੰਨ ਕੁ ਸਾਲ ਪਹਿਲਾਂ ਆਪ ਜੀ ਨੇ ਬਟਾਲੇ ਦੇ ਗੁਰੂ ਨਾਨਕ ਦੇਵ ਜੀ ਵਿਆਹ ਪੁਰਬ ਜੋੜ ਮੇਲੇ ਸਮੇਂ ਅਖੰਡ ਕੀਰਤਨ ਜਥੇ ਦੇ ਸਮਾਗਮਾਂ ਤੇ ਪੂਰੇ ਪਰਿਵਾਰ ਸਮੇਤ ਅੰਮ੍ਰਿਤ ਪਾਨ ਕੀਤਾ। ਅੰਮ੍ਰਿਤ ਪਾਨ ਕਰਨ ਤੋਂ ਬਾਅਦ ਕੁਝ ਦੇਰ ਤਾਂ ਆਪ ਪੈਂਟਾਂ ਬੁਸ਼ਰਟਾਂ ਦੇ ਚੱਕਰ ਵਿਚ ਮਸਤ ਰਹੇ, ਪਰ ਇਕ ਦਿਨ ਇਕ ਘਟਨਾ ਅਜਿਹੀ ਵਾਪਰੀ ਜੋ ਕਿ ਹਰਭਜਨ ਸਿੰਘ ਜੀ ਦਾ ਜੀਵਨ ਪਲਟਾ ਗਈ। ਉਹ ਘਟਨਾ ਇਵੇਂ ਹੈ ਕਿ ਆਪ ਆਪਣੇ ਪਿੰਡ ਦੇ ਬਸ ਅੱਡਾ ਤੁਗਲ ਵਾਲੇ ਤੋਂ ਮਹਿਤੇ ਨੂੰ ਜਾਣ ਵਾਲੀ ਬੱਸ ਵਿਚ ਸਫ਼ਰ ਕਰ ਰਹੇ ਸਨ ਕਿ ਇਕ ਨੌਜਵਾਨ ਔਰਤ ਨੇ ਆਪ ਜੀ ਦੇ ਪੈਰ ਤੇ ਪੈਰ ਰੱਖ ਕੇ ਦਬਾਇਆ। ਆਪ ਬਸ ਵਿਚ ਸ਼ਾਂਤ ਬੈਠੇ



www.AKJ.Org

ਰਹੇ, ਪਰ ਜਦੋਂ ਬਸ ਵਿਚੋਂ ਬਾਹਰ ਨਿਕਲੇ ਤਾਂ ਉਹਨਾਂ ਨੇ ਆਪਣੇ ਮੂੰਹ ਤੇ ਲਗਾਤਾਰ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਅਤੇ ਆਪਣੇ ਮਨ ਨੂੰ ਇਉਂ ਫਿਟਕਾਰਾਂ ਪਾਈਆਂ ਕਿ "ਕੁਤਿਆ, ਜੇ ਤੂੰ ਪੈਂਟ ਬੁਸ਼ਰਟ ਨਾ ਪਾਈ ਹੁੰਦੀ, ਨਾ ਟਾਈ ਲਾਈ ਹੁੰਦੀ ਅਤੇ ਨਾ ਹੀ ਘੋਟਵੀਂ ਪੱਗ ਬੰਨ੍ਹੀ ਹੁੰਦੀ ਤਾਂ ਉਹ ਬਦਚਲਣ ਔਰਤ ਕਦੀ ਵੀ ਅਜਿਹੀ ਖਰਮਸਤੀ ਕਰਨ ਦੀ ਜੁਰਅਤ ਨਾ ਕਰਦੀ।" ਬਸ ਉਹ ਦਿਨ ਜਾਏ, ਭਾਈ ਹਰਭਜਨ ਸਿੰਘ ਜੀ ਨੇ ਗੁਰਮੁਖੀ ਬਾਣਾ "ਸੀਸ ਤੇ ਦੁਮਾਲੜਾ ਅਤੇ ਨੀਲਾ ਚੋਲਾ" ਪਾਉਣਾ ਅਰੰਭ ਕਰ ਦਿਤਾ ਅਤੇ ਉਸ ਦਿਨ ਤੋਂ ਬਾਅਦ ਆਪ ਜੀ ਨੀਲੇ ਬਾਣੇ ਅਤੇ ਦੁਮਾਲੜੇ ਨਾਲ ਹੀ ਵਿਚਰਦੇ ਰਹੇ। ਆਪ ਨੂੰ ਇਹ ਬਾਣਾ ਇਤਨਾ ਸੱਜਦਾ ਸੀ ਕਿ ਪ੍ਰਕਾਸ਼ਮਾਨ ਦਾੜ੍ਹੇ ਵਿਚ ਆਪ ਦੇ ਚੇਹਰੇ ਦੀ ਚਮਕ ਡੁਲ੍ਹ ਡੁਲ੍ਹ ਪੈਂਦੀ ਸੀ। ਲਾਲ ਸੁਰਖ਼ ਚੇਹਰਾ, ਅੱਖਾਂ ਵਿਚ ਕੋਈ ਅਲੌਕਿਕ ਚਮਕ ਅਤੇ ਹਰ ਵਕਤ ਚੜ੍ਹਦੀ ਕਲਾਂ ਵਿਚ ਹੀ ਵਿਚਰਦੇ ਸਨ।

ਆਪ ਦੇ ਹਸੂੰ ਹਸੂੰ ਕਰਦੇ ਚਿਹਰੇ ਤੇ ਕਦੀ ਵੀ ਤਿਊੜੀ ਪਈ ਹੋਈ ਨਜ਼ਰ ਨਹੀਂ ਸੀ ਆਈ। ਗੁਰਮਤਿ ਦੇ ਬਹੁਤ ਵੱਡੇ ਰਸੀਏ ਸਨ। ਆਪ ਸੱਚੀ ਗੱਲ ਅਗਲੇ ਦੇ ਮੂੰਹ ਤੇ ਕਹਿ ਦੇਣ ਦੀ ਜੁਰਅਤ ਦੇ ਮਾਲਕ ਸਨ। ਤਤ ਗੁਰਮਤਿ ਤੋਂ ਹੀਣੀ ਗੱਲ ਦੇ ਉਹ ਕਦੀ ਵੀ ਹਾਮੀ ਨਹੀਂ ਸਨ ਬਣਦੇ। ਜਿਸ ਦਿਨ ਤੋਂ ਅੰਮ੍ਰਿਤ ਪਾਨ ਕੀਤਾ ਸੀ, ਉਸ ਦਿਨ ਤੋਂ ਹੀ ਆਪ ਪੂਰਨ ਬਿਬੇਕੀ ਸਨ। ਇਥੋਂ ਤਕ ਸਮੁੰਦਰ (ਦੁੱਧ) ਵੀ ਅੰਮ੍ਰਿਤਧਾਰੀ ਬੀਬੀ ਦੇ ਹੱਥਾਂ ਦਾ ਚੋਇਆ ਹੀ ਛਕਦੇ ਸਨ।

ਕੁਝ ਦੇਰ ਆਪ ਜੀ ਨੂੰ ਹਸਪਤਾਲ ਵਿਚ ਦਾਖ਼ਲ ਰਹਿਣਾ ਪਿਆ, ਪਰ ਆਪ ਜੀ ਨੇ ਡਾਕਟਰਾਂ ਪਾਸੋਂ ਆਪਣੇ ਰੋਮਾਂ ਦੀ ਬੇਅਦਬੀ ਕਰਾਉਣ ਤੋਂ ਨਾਂਹ ਕਰ ਦਿਤੀ, [illegible] ਆਪਣੇ ਜੀਵਨ ਦੀ ਡੋਰੀ ਅਕਾਲ ਪੁਰਖ ਤੇ ਸੁਟ ਦਿਤੀ। ਪ[illegible] ਗੁਰੂ ਸਾਹਿਬ ਨੇ ਗੁਰਦੇ ਵਿਚ ਲਗੀ ਹੋਈ ਸੱਟ ਦਾ ਜਲਦੀ ਹੀ ਆਰਾਮ ਬਖਸ਼ ਦਿਤਾ ਅਤੇ ਥੋੜੀ ਦੇਰ ਵਿਚ ਨੌ-ਬਰ-ਨੌ ਹੋ ਗਏ।

ਗੁਰੂ ਸਾਹਿਬਾਂ ਦੇ ਹੁਕਮ ਅਨੁਸਾਰ ਆਪ ਪਿਛਲੀ ਰਾਤ ਉਠ ਬੈਠਦੇ ਸਨ ਅਤੇ ਨਾਮ ਅਭਿਆਸ ਦੀਆਂ ਉਚੀ ਉਚੀ ਗੂੰਜਾਂ ਪਾਉਂਦੇ ਸਨ। ਅਤੁਟ ਨਾਮ ਅਭਿਆਸ ਕਮਾਈ ਤੋਂ ਬਾਅਦ ਆਪ ਜੀ ਜਪੁ, ਜਾਪ, ਸੁਧਾ ਸਵਯੈ, ਚੌਪਈ ਅਤੇ ਅਨੰਦ ਸਾਹਿਬ ਪੂਰੇ ਦਾ ਪਾਠ ਕਰਦੇ ਸਨ। ਜਿਸ ਦਿਨ ਛੁੱਟੀ ਆਦਿ ਹੁੰਦੀ ਸੀ ਜਾਂ ਆਪ ਜੀ ਪਾਸ ਵਕਤ ਹੁੰਦਾ ਸੀ ਤਾਂ ਆਪ ਆਸਾ ਦੀ ਵਾਰ, ਸੁਖਮਨੀ ਸਾਹਿਬ, ਸ਼ਬਦ ਹਜ਼ਾਰੇ ਪਾ: ੧੦, ਸ਼ਬਦ ਹਜ਼ਾਰੇ ਪਾਤਸ਼ਾਹੀ ੫' ਦਾ ਵੀ ਪਾਠ ਕਰਦੇ ਸਨ। ਨਿਤਨੇਮ ਕਰਨ ਤੋਂ ਬਾਅਦ ਗੁਰੂ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਕੇ ਫਿਰ ਮੂੰਹ ਜੁਠਾਲਦੇ ਸਨ। ਇਸ਼ਨਾਨ ਕਰਨ ਲੱਗਿਆਂ ਇਹ ਸ਼ਬਦ ਪੜ੍ਹਿਆ ਕਰਦੇ ਸਨ, "ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ"* ਅਤੇ ਨਲਕੇ ਦੀ ਹੱਥੀ ਨੂੰ ਹੇਠਾਂ ਉਤਾਂਹ ਹੋਣ ਦੀ ਆਵਾਜ਼ ਨਾਲ ਇਕ ਮਿਕ ਹੋ ਕੇ ਨਾਮ ਦੇ ਖੰਡੇ ਖੜਕਾਇਆ ਕਰਦੇ ਸਨ।

ਆਪ ਕੀਰਤਨ ਕਰਨ ਅਤੇ ਸੁਣਨ ਦੇ ਬਹੁਤ ਵੱਡੇ ਰਸੀਏ ਸਨ। ਪੂਰੀ ਪੂਰੀ ਰਾਤ ਅਟੰਕ ਜੁੜ ਕੇ ਬੈਠਣਾ, ਕੀਰਤਨੀਏ ਸਿੰਘਾਂ ਨਾਲ ਬੋਲਣਾ ਅਤੇ ਨਾਮ ਅਭਿਆਸ ਕਰਦੇ ਰਹਿਣਾ ਆਪ ਦਾ ਸਤੋਗੁਣੀ ਕਰਤਵ ਸੀ। ਆਪ ਬੜੀਆਂ ਹੀ ਮਿਠੀਆਂ ਸੁਰਾਂ ਨਾਲ ਆਮ ਇਹ ਦੋ ਸ਼ਬਦ ਗਾਇਨ ਕਰਿਆ ਕਰਦੇ ਸਨ— "ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥"† ਅਤੇ "ਲਾਖ ਜਿਹਬਾ ਦੇਹੁ ਮੇਰੇ ਪਿਆਰੇ"‡ ਅਤੇ ਕੋਈ ਵੀ ਸ਼ਬਦ ਬਗੈਰ ਕੰਠ ਕੀਤੇ ਤੋਂ ਨਹੀਂ ਪੜ੍ਹਦੇ ਸਨ। ਆਮ ਕਰਕੇ ਇਹ ਸ਼ਬਦ ਪੰਚਮ ਦੀਆਂ ਸੁਰਾਂ ਵਿਚ ਪੜ੍ਹਦੇ ਸਨ ਅਤੇ ਜੁੜ ਜਾਂਦੇ ਸਨ ਅਤੇ ਅਣਿਆਲੇ ਅਣੀਆਂ ਵਾਲੇ ਤਿਖੇ ਤੀਰਾਂ ਨਾਲ ਹਿਰਦੇ ਵਿੰਨ੍ਹ ਦਿੰਦੇ ਸਨ। ਆਪ ਦੀ ਆਵਾਜ਼ ਬਹੁਤ ਹੀ

---

*ਸੋਰਠਿ ਮ: ੫, ਪੰਨਾ ੬੨੫
†ਗਉੜੀ ਵਾਰ, ਪੰਨਾ ੩੨੦
‡ਸੂਹੀ ਮ: ੫, ਪੰਨਾ ੭੮੦



www.AKJ.Org

ਮਿਠੀ ਅਤੇ ਰਸ ਭਰੀ ਸੀ। ਆਪ ਜਦੋਂ ਵੀ ਕਿਸੇ ਸਿੰਘ ਨੂੰ ਮਿਲਦੇ ਸਨ, ਬਹੁਤ ਹੀ ਨਿਮਰਤਾ ਨਾਲ। ਇਥੋਂ ਤਕ ਨਿਉਂ ਜਾਣਾ ਕਿ ਅਗਲੇ ਸਿੰਘ ਨੂੰ ਆਪ ਦੇ ਹੱਥ ਫੜ ਕੇ ਚੁੰਮਣੇ ਪੈਂਦੇ ਸਨ। ਹਰ ਇਕ ਸਿੰਘ ਨਾਲ ਜੱਫੀ ਪਾ ਕੇ ਖੂਬ ਅਭਿਆਸ ਕਰਿਆ ਕਰਦੇ ਸਨ। ਅਤੇ ਇੰਜ ਜਾਪਦਾ ਸੀ ਕਿ ਇਹ ਪਤਾ ਨਹੀਂ ਕਦੋਂ ਕੁ ਦੇ ਵਿਛੜੇ ਹੋਏ ਹਨ। ਦਾਸ ਨੂੰ ਤਾਂ ਜਦੋਂ ਵੀ ਕਦੀ ਮਿਲਦੇ ਸਨ ਤਾਂ ਬੜੇ ਹੀ ਪਿਆਰ ਵਿਚ ਗੜੂੰਦ ਹੋ ਕੇ ਅਤੇ ਪ੍ਰੇਮ-ਮਿਲਣੀ ਪਾ ਕੇ। ਅਸੀਂ ਪਤਾ ਨਹੀਂ ਕਿੰਨੀ ਕਿੰਨੀ ਦੇਰ ਨਾਮ ਰਸਕ ਗਟਾਕਾਂ ਦੇ ਖੰਡੇ ਖੜਕਾਉਂਦੇ ਰਹਿਣਾ ਅਤੇ ਇਕ ਦੂਸਰੇ ਤੋਂ ਲਾਂਭੇ ਹੋਣ ਨੂੰ ਜੀਅ ਨਹੀਂ ਸੀ ਕਰਿਆ ਕਰਦਾ। ਉਹਨਾਂ ਦੀ ਪ੍ਰੇਮ-ਮਿਲਣੀ ਵਿਚ ਬਹੁਤ ਠੰਡ ਪਰਤੀਤ ਹੁੰਦੀ ਸੀ। ਵਾਕਿਆ ਹੀ ਉਹ ਪੂਰਬਲੇ ਕਰਮਾਂ ਦੇ ਧਨੀ ਸਨ। ਭਾਈ ਗੁਰਦਿਆਲ ਸਿੰਘ ਜੀ ਲਾਧੂਪੁਰ, ਭਾਈ ਜੋਗਿੰਦਰ ਸਿੰਘ ਜੀ ਨੈਨੋਕੋਟ, ਭਾਈ ਬਖਸ਼ੀਸ਼ ਸਿੰਘ ਜੀ ਅਤੇ ਭਾਈ ਸਰਬਜੀਤ ਸਿੰਘ ਜੀ ਉਦੋ-ਨੰਗਲ ਨਾਲ ਤਾਂ ਆਪ ਜੀ ਦੀਆਂ ਪ੍ਰੇਮ-ਗੰਢਾਂ ਇੰਨੀਆਂ ਪੱਕੀਆਂ ਸਨ ਕਿ ਕੋਈ ਲਖ ਜਤਨ ਕਰੇ ਖੋਲ੍ਹਣ ਵਾਸਤੇ, ਉਸਨੂੰ ਮੂੰਹ ਦੀ ਹੀ ਖਾਣੀ ਪੈਂਦੀ ਸੀ। ਇਕੇਰਾਂ ਭਾਈ ਸਰਬਜੀਤ ਸਿੰਘ ਨੂੰ ਜਦ ਮਿਲੇ ਤਾਂ ਦਾੜ੍ਹਾ ਬੱਧਾ ਹੋਇਆ ਸੀ। ਭਾਈ ਸਾਹਿਬ ਨੇ ਕਿਹਾ ਕਿ ਸਿੰਘਾਂ ਨੂੰ ਦਾੜ੍ਹਾ ਕਸਿਆ ਹੋਇਆ ਸੋਭਦਾ ਨਹੀਂ। ਤਾਂ ਆਪ ਨੇ ਉਸੇ ਵਕਤ ਖੋਲ੍ਹ ਦਿਤਾ ਅਤੇ ਫਿਰ ਕਦੇ ਨਾ ਬੱਧਾ। ਇਹਨਾਂ ਸਿੰਘਾਂ ਦੀ ਆਪ ਤਹਿ-ਦਿਲੋਂ ਇਜ਼ਤ ਕਰਦੇ ਸਨ।

ਮਾਸਟਰ ਨਿਰੰਜਨ ਸਿੰਘ ਜੀ ਗੁਰਦਾਸਪੁਰ ਦਾ ਆਪ ਹਿਰਦਿਓਂ ਬਹੁਤ ਹੀ ਸਤਿਕਾਰ ਕਰਦੇ ਸਨ। ਇਥੋਂ ਤਕ ਕਿ ਮਾਸਟਰ ਨਿਰੰਜਨ ਸਿੰਘ ਜੋ ਵੀ ਕਹਿ ਦੇਣ, ਸਤਿ ਕਰ ਕੇ ਸਿਰ ਝੁਕਾ ਦਿਆ ਕਰਦੇ ਸਨ, ਕਦੀ ਵੀ ਕੋਈ ਮੋੜ ਨਹੀਂ ਕਰਿਆ ਕਰਦੇ ਸਨ। ਅਤੇ ਆਪ ਮਾਸਟਰ ਜੀ ਦੇ ਕੀਰਤਨ ਦੇ ਬੜੇ ਵੱਡੇ ਆਸ਼ਕ ਸਨ। ਮਾਸਟਰ ਦਰਸ਼ਨ ਸਿੰਘ ਜੀ ਬਸਰਾਵਾਂ ਦੇ ਤਾਂ ਆਪ ਬਦੋ ਬਦੀ ਭਜ ਕੇ ਪੈਰ ਹੀ ਫੜ ਲਿਆ ਕਰਦੇ ਸਨ। ਭਾਵੇਂ ਮਾਸਟਰ ਦਰਸ਼ਨ ਸਿੰਘ ਜੀ ਲੱਖ ਜਤਨ ਕਰਨ ਭੱਜਣ ਵਾਸਤੇ, ਪਰ ਆਪ ਟੱਲਦੇ ਨਹੀਂ ਸਨ। ਭਾਵ ਕਿ ਆਪ ਦੇ ਮਨ ਵਿਚ ਸਿੰਘਾਂ ਪ੍ਰਤੀ ਅਥਾਹ ਪਿਆਰ ਸੀ।

ਭਾਈ ਹਰਭਜਨ ਸਿੰਘ ਜੀ ਆਪਣੀ ਛੋਟੀ ਜਿਹੀ ਉਮਰ ਵਿਚ ਗੁਰੂ-ਪੰਥ ਨੂੰ ਬਹੁਤ ਕੁਝ ਦੇ ਗਏ ਹਨ। "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ"* ਦੇ ਮਹਾਂਵਾਕ ਅਨੁਸਾਰ ਸਭ ਕੁਝ ਸੌਂਪ ਗਏ ਹਨ। ਉਹਨਾਂ ਦੀ ਸ਼ਹੀਦੀ ਸਾਨੂੰ ਬਹੁਤ ਕੁਝ ਸਿਖਾ ਗਈ, ਪੂਰੇ ਪੰਥ ਨੂੰ ਝੰਜੋੜ ਕੇ ਜਗਾ ਗਈ, ਅਤੇ ਆਪ ੩੧ ਸਾਲ ਦੀ ਉਮਰ ਵਿਚ "ਓਥੈ ਅੰਮ੍ਰਿਤੁ ਵੰਡੀਐ" ਵਾਲੇ ਅਸਥਾਨ ਵਿਚ ਨਿਰਸੰਦੇਹ ਜਾ ਟਿਕੇ ਹਨ। ਪਰ ਅਸਾਂ ਕਲਜੁਗੀ ਜੀਵਾਂ ਨਾਲ ਪਤਾ ਨਹੀਂ ਕੀ ਵਾਪਰੇਗੀ। ਗੁਰੂ ਕਰੇ, ਸਾਡੇ ਵਰਗੇ ਮੂੜ੍ਹ, ਅੰਧ ਵਿਸ਼ਵਾਸੀ, ਕੂਕਰ ਸੂਕਰਾਂ ਨੂੰ ਵੀ ਗੁਰੂ ਸਾਹਿਬ ਆਪਣੇ ਲੇਖੇ ਲਾ ਲੈਣ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹ॥

*ਅਨੰਦੁ ਸਾਹਿਬ, ਪੰਨਾ ੯੧੮

# ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਪੂਰਨ, ਪਰ ਸੰਖੇਪ ਜੀਵਨ ਹੈ। ਜਨਮ ਤੋਂ ਲੈ ਕੇ ਅਕਾਲ ਚਲਾਣੇ ਤਕ ਦੇ ਬਿਰਤਾਂਤ ਤਰੀਕਵਾਰ, ਜੇਲ੍ਹ ਚਿਠੀਆਂ, ਰੰਗਲੇ ਸਜਣ ਤੇ ਭਾਈ ਸਾਹਿਬ ਲਿਖਤ ਹੋਰ ਪੁਸਤਕਾਂ ਦੇ ਅਧਾਰ ਤੇ ਦਰਜ ਹਨ। ਕਈ ਸਮਾਚਾਰ ਹੋਰ ਥਾਵਾਂ ਤੋਂ ਲਏ ਗਏ ਹਨ ਅਤੇ ਅੱਖੀਂ ਡਿਠੇ-ਸੁਣੇ ਵਾਪਰੇ ਹਾਲਾਤ ਵੀ ਸ਼ਾਮਲ ਕੀਤੇ ਗਏ ਹਨ। ਬਹੁਤ ਹਦ ਤਕ ਭਾਈ ਸਾਹਿਬ ਜੀ ਦੀ ਆਪਣੀ ਹੀ ਸ਼ਬਦਾਵਲੀ ਵਰਤੀ ਗਈ ਹੈ। ਪੁਸਤਕ ਪੜ੍ਹ ਕੇ ਸਿੱਖੀ ਲਈ ਦ੍ਰਿੜ੍ਹ ਵਿਸ਼ਵਾਸ, ਸ੍ਵੈ-ਭਰੋਸਾ ਤੇ ਪਰਮਾਰਥ ਬੈਰਾਗ ਉਤਪੰਨ ਹੁੰਦਾ ਹੈ। ਸਫ਼ੇ ੧੨੦, ਭੇਟਾ ਕੇਵਲ ਇਕ ਰੁਪਿਆ



www.AKJ.Org

# ਸ਼ਹੀਦ ਜੱਥੇਦਾਰ ਅਮਰੀਕ ਸਿੰਘ ਜੀ ਖੁਜਾਲਾ

[ਵਲੋਂ:—ਗਿਆਨੀ ਜਸਵੰਤ ਸਿੰਘ ਜੀ ਬੀ. ਏ. ਬੀ. ਟੀ.]

ਗੁਰੂ ਕੀ ਪਾਵਨ ਨਗਰੀ, ਸ੍ਰੀ ਅੰਮ੍ਰਿਤਸਰ ਦੀ ਧਰਤੀ ਤੇ ਵੈਸਾਖੀ ਵਾਲੇ ਪਾਵਨ ਦਿਵਸ ਤੇ 'ਧਰਮ ਹੇਤ ਸਾਕਾ ਜਿਨ ਕੀਆ', ਉਨ੍ਹਾਂ ਤੇਰ੍ਹਾਂ ਸ਼ਹੀਦ ਸਿੰਘਾਂ ਵਿਚ ਇਕ ਇਕੀ-ਸਾਲਾਂ ਦੀ ਅਤਿ ਨਿਕੀ ਅਵਸਥਾ ਵਾਲੇ ਖੁਜਾਲੇ ਦੇ ਬਾਂਕੇ ਸੂਰਬੀਰ ਵੀਰ, ਜਥੇਦਾਰ ਅਮਰੀਕ ਸਿੰਘ ਸਨ। ਤੇਰ੍ਹਾਂ ਅਪ੍ਰੈਲ ਨੂੰ ਸ਼ਹੀਦ ਹੋਣ ਵਾਲੇ ਤੇਰ੍ਹਾਂ ਸਿੰਘਾਂ ਦੀ ਸ਼ਹੀਦੀ ਜੰਞ ਵਿਚਾਲੇ ਮਾਨੋ ਇਹ ਦੂਲ੍ਹੇ ਸਨ। ਸੰਸਾਰੀ ਮਾਪਿਆਂ ਨੇ ਇਸ ਬਾਂਕੜੇ ਛੈਲ ਛਬੀਲੇ ਵੀਰ ਦੀ ਸ਼ਾਦੀ ਨੀਯਤ ਕੀਤੀ ਹੋਈ ਸੀ ਤੇ ਇਸ ਨੌਜੁਆਨ ਨੇ ਹਾਸੇ ਦੇ ਰੰਗ ਵਿਚ ਇਕ ਵੇਰਾਂ ਕਿਹਾ ਸੀ ਕਿ ਮੈਂ ਮਾਸ ਸ਼ਰਾਬ ਵਾਲ ਵਿਅਕਤੀ ਜੰਞੇ ਨਹੀਂ ਲਿਜਾਣੇ। ਹਾਸ-ਬਿਲਾਸ ਵਿਚ ਸੁਣਾਈ ਇਹ ਬਾਤ ਕਰਣਹਾਰ ਕਰਤਾਰ ਨੇ ਸੋਲ੍ਹਾਂ ਆਨੇ ਸੱਚ ਕਰ ਵਿਖਾਈ। ਸਚ ਮੁਚ ਸ਼ਹੀਦੀ ਵਿਚ ਪਰਵਾਨ ਪਏ ਇਨ੍ਹਾਂ ਪਰਧਾਨ, ਮਰਦਾਨਿ ਮੈਦਾਨ ਸੰਤ ਜਨਾਂ ਦੀ ਜੰਞ ਵਿਚ ਕੋਈ ਵੀ ਮਾਸ ਸ਼ਰਾਬ ਦਾ ਸੇਵਨਹਾਰ ਨਹੀਂ ਸੀ। ਜਥੇਦਾਰ ਵਾਲੀ ਪਦਵੀ ਇਸ ਬਾਂਕੜੇ ਸਰਦਾਰ ਨੂੰ ਸਚੀ ਸਰਕਾਰ ਦੇ ਦਰਬਾਰ ਸ੍ਰੀ ਅਕਾਲ ਤਖਤ ਤੋਂ ਉਦੋਂ ਪ੍ਰਾਪਤ ਹੋਈ, ਜਦੋਂ ਇਕ ਖ਼ਾਸੀ ਸੰਗਤ ਨੂੰ ਪ੍ਰੇਰ ਕੇ ਇਥੇ ਲਿਆਇਆ ਤੇ ਅੰਮ੍ਰਿਤ ਪਾਨ ਕਰਵਾਇਆ। ਖ਼ੁਦ ਵੀ ਇਸ ਬਾਂਕੇ ਬੀਰ ਨੇ ਅੰਮ੍ਰਿਤ ਦੀ ਦਾਤ, ਪੰਜ ਛੇ ਸਾਲ ਹੋਏ, ਛੇਵੇਂ ਪਾਤਸ਼ਾਹ ਦੇ ਇਸ ਦਰੋਂ ਹੀ ਪ੍ਰਾਪਤ ਕੀਤੀ ਸੀ।

ਗੁਰੂ-ਘਰ ਵਲ ਰੁਚੀ ਬਾਲਪਨ ਤੋਂ ਹੀ ਅਤਿ ਪ੍ਰਬੱਲ ਸੀ। ਪ੍ਰਾਇਮਰੀ ਦੀ ਪੜ੍ਹਾਈ ਪਿਛੋਂ ਮਨ ਸੰਸਾਰੀ ਵਿਦਿਆ ਵਿਚ ਨਾ ਖੁਭਿਆ। ਬੈਰਾਗੀ ਜੀਉੜਾ ਬੰਧਨਾਂ ਤੋਂ ਆਜ਼ਾਦ ਸੀ। ਵਾਹੀ ਵਾਲੀ ਕਾਰ ਵੀ ਨਿਬਾਹੀ, ਤੇ ਵਾਹ ਵਾਹ ਨਿਬਾਹੀ। ਹਥਾਂ ਪੈਰਾਂ ਨਾਲ ਕਿਰਤ ਕਰਦੇ ਸਮੇਂ ਵੀ ਬਿਰਤੀ ਬਿਰਹੁੰ ਵਿਚ ਬੈਰਾਗ ਮਈ ਰਹਿੰਦੀ ਸੀ। ਗੁਰਬਾਣੀ ਤੇ ਗੁਰ-ਇਤਿਹਾਸ ਵਾਲਾ ਪਿਆਰ ਹਿਰਦੇ ਅੰਦਰ ਘਰ ਕਰ ਗਿਆ ਸੀ। ਅੰਮ੍ਰਿਤ ਪਾਨ ਕਰਨ ਮਗਰੋਂ ਤਾਂ ਨਾਮ-ਬਾਣੀ ਦਾ ਰੰਗ ਰੋਮ ਰੋਮ ਵਿਚ ਰੱਚ ਗਿਆ। ਭਿੰਡਰਾਂ ਵਾਲੇ ਜੱਥੇ ਨਾਲ ਸੰਪਰਕ ਹੋ ਗਿਆ। ਮਹਿਤਾ ਚੌਕ, ਜੱਥੇ ਦਾ ਡੇਰਾ ਨੇੜੇ ਹੀ ਸੀ। ਗੁਰੂ-ਘਰ ਦੀਆਂ ਮਹਿਮਾ-ਮਈ ਸਾਖੀਆਂ ਤੇ ਵੀਚਾਰਾਂ ਸੁਣ ਸੁਣ ਕੇ, ਗੁਰੂ-ਘਰ ਦੀ ਵਡਿਆਈ, ਪ੍ਰਪੱਕ ਹੋ ਕੇ ਸਥਾਈ ਰੂਪ ਵਿਚ, ਦਿਲ ਤੇ ਦਿਮਾਗ਼ ਵਿਚ, ਵਸਦੀ ਰਸਦੀ ਤੇ ਧਸਦੀ ਗਈ। ਗੁਰੂ-ਘਰ ਦੀਆਂ ਸੰਗਤਾਂ ਨਾਲ ਮੇਲ ਜੋਲ ਵਧਣ ਲੱਗਾ। ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਕਰਨ ਲਈ ਚੜ੍ਹਾਈਆਂ, ਚਾਉ ਤੇ ਉਮਾਹ ਸਹਿਤ ਕਰੀ ਰਖਣੀਆਂ, ਇਸ ਨਿਕੜੇ ਵੀਰ ਦਾ ਵਿਸ਼ੇਸ਼ ਗੁਣ ਸੀ।

ਦੁਖੀਆਂ, ਲੋੜਵੰਦਾਂ ਦੀ ਅਵਸਥਾ ਵੇਖ ਕੇ ਹਿਰਦਾ ਦਇਆ ਦੇ ਘਰ ਵਿਚ ਆ ਜਾਂਦਾ। "ਆਪਨਾ ਬਿਗਾਰਿ ਬਿਰਾਨਾ" ਸੰਵਾਰਨ ਵਾਲੀ ਰੁਚੀ ਸਦਾ ਹੀ ਬਲਵਾਨ ਰਹਿਣੀ। ਗੁਰੂ-ਘਰ ਦੀਆਂ ਫੌਜਾਂ ਉਤੇ ਤਾਂ ਲੋਟ-ਪੋਟ ਹੋ ਹੋ ਜਾਂਦੇ ਸਨ। ਲੋੜ-ਵੰਦਾਂ ਦੀ ਸਹਾਇਤਾ ਸਮੇਂ ਕਦੇ ਗਿਣਤੀਆਂ ਮਿਣ-ਤੀਆਂ ਵਿਚ ਬਿਰਤੀ ਨਹੀਂ ਸੀ ਪੈਂਦੀ। ਅਣ-ਗਿਣੀ ਮਾਇਆ, ਘਰ ਦੀਆਂ ਵਸਤੂਆਂ, ਇਥੋਂ ਤਕ ਕਿ ਸਰੀਰ ਤੇ ਪਹਿਨੇ ਹੋਏ ਬਸਤਰ ਵੀ ਲੋੜਵੰਦਾਂ ਨੂੰ ਦੇਣ ਸਮੇਂ ਸੰਕੋਚ ਜਾਂ ਸੋਚ ਵਿਚ ਨਹੀਂ ਆਉਂਦੇ ਸੀ। ਇਕ ਵੇਰਾਂ ਗੁਰੂ ਦੀਆਂ ਫੌਜਾਂ ਲਈ ਸੇਵਾ ਦਾ ਉਮਾਹ ਐਸਾ ਪ੍ਰਬਲ ਹੋਇ ਉਠਿਆ ਕਿ ਘਰ ਵਿਚੋਂ ਆਪਣੀ ਮਾਈ ਪਾਸੋਂ ਜਦ ਲੋੜੀਂਦੀ ਮਾਇਆ ਨਾ ਮਿਲੀ, ਤਾਂ ਘਰ ਵਿਚੋਂ ਇਕ ਸੋਨੇ ਦਾ ਛਾਪ ਵੇਚ ਕੇ ਆਪਣਾ ਉਤਸ਼ਾਹ ਪੂਰਾ ਕੀਤਾ।

ਭਾਵੇਂ ਭਰ ਜੁਆਨੀ ਦੀ ਅਵਸਥਾ ਸੀ, ਪਰ ਬਾਲ ਸੁਭਾਇ ਅਤੀਤ ਉਦਾਸੀ ਵਿਚ ਵਿਚਰਦੇ ਸਨ। ਮੁੰਡਿਆਂ ਖੁੰਡਿਆਂ ਵਾਲਾ ਫੈਲ-ਫਕੜ ਕਦੇ ਨੇੜੇ ਵੀ ਨਾ ਫਟਕਿਆ। ਇਸ ਜ਼ਮਾਨੇ ਵਿਚ ਏਨੀ ਛੋਟੀ ਆਯੂ ਵਿਚ ਏਨੀ ਲਗਨ ਗੁਰੂ-ਘਰ ਦੀ



www.AKJ.Org

ਬਹੁਤ ਟਾਵੀਂ ਹੀ ਨਜ਼ਰ ਆਉਂਦੀ ਹੈ। ਅੰਮ੍ਰਿਤ-ਵੇਲਾ ਨਾਮ ਬਾਣੀ ਦੇ ਅਭਿਆਸ ਵਿਚ ਸਾਵਧਾਨਤਾ ਸਹਿਤ ਬਿਤਾਉਣਾ ਇਸ ਵੀਰ ਦਾ ਪੱਕਾ ਨਿਯਮ ਸੀ। ਚਾਹੇ ਰਾਤ ਨੂੰ ਸਤ-ਸੰਗ ਜੁੜ ਜਾਣ ਦੇ ਕਾਰਨ ਕਿੰਨਾ ਹੀ ਕੁਵੇਲਾ ਹੋ ਜਾਏ, ਪ੍ਰੰਤੂ ਕੀ ਮਜਾਲ ਕਿ ਚਉਥੇ ਪਹਿਰ ਸੁਬਾਹ ਕੇ ਵਿਚ ਗ਼ਫ਼ਲਤ ਆਈ ਹੋਵੇ। ਸਾਂਝ ਸਮੇਂ ਸੋਦਰ ਲਈ ਘਰ ਬਾਹਰ ਦੇ ਹਥਲੇ ਕੰਮ ਭਾਵੇਂ ਕਿੰਨੇ ਜ਼ਰੂਰੀ ਹੋਣੇ, ਛਡ ਦੇਣੇ ਤੇ ਕਾਮਿਆਂ ਪਾਸੋਂ ਛਡਵਾ ਦੇਣੇ, ਸੋਦਰ ਦੇ ਦੀਵਾਨ ਜਾਂ ਚੌਕੀ ਦੀ ਹਾਜ਼ਰੀ ਲਈ ਇਉਂ ਸਾਵਧਾਨ ਹੋਣਾ ਤੇ ਹੋਰਾਂ ਨੂੰ ਕਰਨਾ ਆਪ ਦੇ ਨਿਤਨੇਮ ਦਾ ਅੰਗ ਸੀ। ਸਵੇਰ ਦੇ ਨਿਤਨੇਮ ਉਪ੍ਰੰਤ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਤੋਂ ਪਹਿਲੇ ਪਰਸ਼ਾਦਾ ਨਹੀਂ ਛਕਦੇ ਸਨ।

ਗੁਰਮਤਿ ਗੁਣਾਂ ਦੀ ਸਾਂਝ ਕਰਨ ਲਈ ਗੁਰਮੁਖਾਂ ਜਾਂ ਗੁਰੂ-ਘਰ ਦੀ ਸੰਗਤ ਨਾਲ ਮੇਲ-ਜੋਲ ਰਖਣ ਵਿਚ ਤਤਪਰ ਰਹਿੰਦੇ ਸਨ। ਇਕ ਸੱਚੇ ਮੁਤਲਾਸ਼ੀ ਤੇ ਗੁਣ-ਗਾਹਕ ਬਣ ਕੇ ਆਪਣੀ ਰਹਿਣੀ ਬਹਿਣੀ ਵਿਚ ਗੁਰਮਤਿ ਬਿਬੇਕ ਅਨੁਸਾਰ ਵਾਧਾ ਨਿਰੰਤਰ ਜਾਰੀ ਰਖਦੇ ਸਨ। ਜੇ ਕਿਸੇ ਨੁਕਤੇ ਤੇ ਸੰਸਾ ਪੈਦਾ ਹੋਂਦਾ ਤੇ ਉਸਦੀ ਨਵਿਰਤੀ ਲਈ ਗੁਰਮੁਖਾਂ ਪਾਸ ਨਿਮਰਤਾ ਭਰੇ ਨੀਵੇਂ ਹਿਰਦੇ ਨਾਲ ਪੇਸ਼ ਹੋਣਾ। ਸਰਬ ਲੋਹ ਰਹਿਣੀ ਦਾ ਪ੍ਰੇਮ ਵੀ ਪੈਦਾ ਹੋ ਰਿਹਾ ਸੀ। ਬਾਟਾ ਆਪਣਾ ਵਾਹ ਵਾਹ ਲਿਸ਼ਕਾ ਕੇ ਰਖਣਾ ਤੇ ਬੇ-ਅੰਮ੍ਰਿਤੀਏ ਨੂੰ ਆਪਣਾ ਬਾਟਾ ਨਾ ਵਰਤਣ ਦੇਣਾ। ਮਾਤਾ ਪਿਤਾ ਤੇ ਖੇਤੀ ਬਾੜੀ ਵਿਚ ਸਹਾਇਤਾ ਕਰਨ ਲਈ ਰਖੇ ਕਾਮਿਆਂ ਅਤੇ ਮੇਲ ਜੋਲ ਵਿਚ ਆਉਣ ਵਾਲੇ ਅਨੇਕਾਂ ਪ੍ਰਾਣੀਆਂ ਨੂੰ ਗੁਰੂ ਲੜ ਲਾਇਆ। ਰੱਜੇ-ਪੁੱਜੇ ਘਰਾਣੇ ਦਾ ਚਾਨਣ-ਚਰਾਗ ਹੋਣ ਦੇ ਬਾਵਜੂਦ ਗੁਰਮੁਖੀ ਸਾਦੇ ਬਾਣੇ ਵਿਚ ਵਿਚਰਦੇ ਸਨ। ਅਨੇਕਾਂ ਵੇਰ ਬਿਸਤਰਾ ਗੋਲ-ਮੋਲ ਹੋਇਆ ਕੋਲ ਪਿਆ ਰਹਿਣਾ ਤੇ ਅਲਾਣੀ ਮੰਜੀ ਤੇ ਅੜਿੰਗ-ਬੜਿੰਗ ਹੋ ਜਾਣਾ। ਅੰਬਰੀਕ ਭਗਤ ਵਾਂਗ ਸੱਚੇ ਸਤਿਗੁਰੂ ਦੇ ਦਰੋਂ ਘਰੋਂ ਇਸ ਵੀਰ ਨੂੰ ਸੱਚੇ-ਅਭੈ-ਪੱਦ ਦਾ ਦਾਨ ਪ੍ਰਾਪਤ ਹੋਇਆ ਜਾਪਦਾ ਸੀ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਸ ਦੇ ਸਬੰਧੀਆਂ ਤੇ ਸਨੇਹੀਆਂ ਵਿਚ ਬੈਠ ਕੇ ਇਸ ਬਾਰੇ ਬਚਨ ਸੁਣਦਿਆਂ ਇਉਂ ਮਹਿਸੂਸ ਹੋਇਆ, ਜਿਵੇਂ ਉਹ ਅਮਰੀਕ ਸਿੰਘ ਦੀਆਂ ਨਹੀਂ, ਫੌਜਾ ਸਿੰਘ ਦੀਆਂ ਗੱਲਾਂ ਸੁਣ ਰਿਹਾ ਹੈ। ਐਸੀ ਨਿਧੜਕ ਰੂਹ ਸੀ ਕਿ ਪਾਖੰਡੀਆਂ, ਨਿੰਦਕਾਂ, ਦੁਸ਼ਟਾਂ ਦੇ ਗੁਰ-ਵਿਰੋਧੀ ਬੋਲ-ਕੁਬੋਲ ਸੁਣ ਕੇ ਰੋਹ ਵਿਚ ਆ ਜਾਂਦੀ ਸੀ। ਵਾਹ ਪੈਣ ਤੇ ਕਰਾਰੇ ਹੱਥਾਂ ਨਾਲ ਐਸੀ ਸੋਧ-ਸੁਧਾਈ ਕਰਨੀ ਕਿ ਦੋਖੀਆਂ ਪਾਸੋਂ ਤੌਬਾ ਤੌਬਾ ਕਰਵਾ ਦੇਣੀ। ਜੁੱਸਾ, ਜਿਸਮ ਸਰਬ-ਲੋਹ ਦੀ ਕਿਸਮ ਦਾ ਮਜ਼ਬੂਤ ਸੀ। ਪਿਛਲੇ ਹੋਲੇ ਮਹੱਲੇ ਸਮੇਂ ਅਨੰਦਪੁਰ ਸਾਹਿਬ ਦੀ ਯਾਤਰਾ ਕਰਦਿਆਂ ਤਿੰਨ ਮਣ (ਢਾਈ ਕੁ ਕੁਇੰਟਲ) ਚਾਉਲਾਂ ਦੀ ਬੋਰੀ ਚਾਉ ਚਾਉਲੇ ਰੰਗਾਂ ਅੰਦਰ ਕਿਲ੍ਹਾ ਸ੍ਰੀ ਅਨੰਦ-ਗੜ੍ਹ ਦੀਆਂ ਪੌੜੀਆਂ ਰਾਹੀਂ ਇਉਂ ਉਪਰ ਸਹਿਜ ਨਾਲ ਚੜ੍ਹਾ ਦਿਤੀ, ਜੀਕਰ ਫੁੱਲਾਂ ਦੀ ਮਾਲਾ ਹੋਵੇ। ਏਸੇ ਹੀ ਸਮੇਂ ਐਵੇਂ ਆਪਣੀਆਂ ਲੱਤਾਂ ਖੁਲ੍ਹੀਆਂ ਕਰਨ ਨੂੰ, ਇਹ ਦੂਲਾ ਵੀਰ ਨੈਣਾਂ ਦੇਵੀ ਦੇ ਅਸਥਾਨ ਤੇ ਜਾ ਚੜ੍ਹਿਆ। ਇਕ ਪੰਡਿਤ ਨੇ ਤਿਲਕ ਲਵਾਉਣ ਲਈ ਕਿਹਾ ਤਾਂ ਐਸਾ ਉਤਰ ਵਿਚ ਬਚਨ ਕੀਤਾ ਕਿ ਪੰਡਿਤ ਜੀ ਨਿਰੁਤਰ ਹੋ ਗਏ-''ਸਾਨੂੰ ਸਿੱਖਾਂ ਨੂੰ ਸਾਡੇ ਪਿਤਾ ਸੀ ਗੁਰੂ ਗੋਬਿੰਦ ਸਿੰਘ ਨੇ ਐਸੇ ਟਿੱਕੇ (ਤਿਲਕ) ਲਾਏ ਹਨ ਕਿ ਦਰਗਾਹ ਤੀਕ ਉਹ ਟਿਕੇ ਰਹਿਣਗੇ। ਤੁਹਾਡੇ ਲਾਏ ਤਿਲਕ ਤਾਂ ਭਲਕ ਤੀਕ ਹੀ ਤਿਲ੍ਹਕ ਜਾਣਗੇ।''

ਇਸ ਵੀਰ ਦੇ ਸਾਰੇ ਗੁਰਮਤਿ ਗੁਣਾਂ ਦੀ ਤਸਵੀਰ ਖਿਚਣ ਦਾ ਦਾਸ ਪਾਸ ਸਮਾਂ ਨਹੀਂ, ਨਾ ਹੀ ਪ੍ਰੋਖੋਂ ਹੈ। ਸੋ ਕੇਵਲ ਸਾਕੇ ਦੇ ਦਿਨ ਵਾਲੇ ਸ੍ਰੋਤ ਵਿਚ ਆਏ ਸਮਾਚਾਰ, ਜੋ ਹਿਰਦੇ ਤੇ ਉਲੀਕੇ ਹਨ, ਉਨ੍ਹਾਂ ਦਾ ਟੂਕ ਮਾਤਰ ਵਰਨਣ ਕਰ ਕੇ ਖਿਮਾ ਚਾਹਾਂਗਾ:—

ਵੈਸਾਖ ਭਲਾ ਪ੍ਰਵੇਸ਼ ਕਰ ਰਿਹਾ ਹੈ। ਸਾਡਾ ਵਰਿਆਮ ਜੋਧਾ, ਦੂਲਾ ਦਲੇਰ, ਗੁਰੂ ਕਾ ਸ਼ੇਰ, ਅੰਮ੍ਰਿਤ ਵੇਲੇ ਉਠਦਾ ਹੈ। ਇਸ਼ਨਾਨ ਕਿਸੇ ਸੋਹਣੇ



www.AKJ.Org

ਧਿਆਨ ਵਿਚ ਹੋਇਆ ਹੈ। ਫਿਰ ਪ੍ਰੇਮ-ਰੰਗਾਂ ਵਿਚ ਨਿਤ-ਨੇਮ ਕੀਤਾ ਹੈ, ਫਿਰ ਗੁਰੂਦੁਆਰੇ ਜਾਇ ਕੇ ਚੜ੍ਹਾਈ, ਪਰਸ਼ਾਦ ਲੈ ਚੜ੍ਹਾਈ ਕੀਤੀ ਹੈ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਲਈ, ਨਾਲ ਕੁਝ ਬਾਲ-ਸਖਾਈ ਮਿਤਰ ਹਨ। ਬਸ-ਸਟੈਂਡ ਤੋਂ ਗੁਰੂ-ਗੁਣ ਗਾਉਂਦੇ ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ ਪੰਜ ਵਿਚ ਪੁਜ ਕੇ ਜਥੇਦਾਰ ਕਾਲਾ ਸਿੰਘ ਸੁਲਤਾਨਵਿੰਡ ਵਾਲੇ ਨੂੰ ਮਿਲੇ ਹਨ। ਉਸ ਕਮਰੇ ਵਿਚ ਜੋੜੇ ਉਤਾਰ, ਸ੍ਰੀ ਅੰਮ੍ਰਿਤ ਸਰੋਵਰ ਦੇ ਪਵਿਤ੍ਰ-ਕਰੇਰੇ ਇਸ਼ਨਾਨ ਕੀਤੇ ਹਨ। ਉਪ੍ਰੰਤ ਇਹ ਨਿਕੜੇ ਜਥੇਦਾਰ ਸ੍ਰੀ ਅਕਾਲ ਤਖ਼ਤ ਦੀ ਪਰਕਰਮਾਂ ਕਰਦੇ, ਸ਼ਸਤਰਾਂ ਦੇ ਦਰਸ਼ਨ ਵਿਚ ਸ਼ਹੀਦਾਂ ਦਾ ਧਿਆਨ ਧਰਦੇ ਅਰਦਾਸ ਕਰਦੇ ਹਨ, "ਸਮਰਥ ਗੁਰਦੇਵ ! ਮੈਂ ਕੀਟ ਦਾ ਸਰੀਰ ਵੀ ਕੁਰਬਾਨੀ ਦਾ ਮੌਕਾ ਬਖਸ਼ ਕੇ ਸਫਲਾ ਕਰੋ। ਕੈਸੇ ਕੈਸੇ ਕਮਾਲ ਦੇ ਲਾਲ ਤੇਰੇ ਸ਼ਾਨ ਦੀ ਖਾਤਰ ਖੰਨੀਏ ਖੰਨੀਏ ਹੋ ਗਏ !"

ਤਖ਼ਤੋਂ ਉਤਰ ਕੇ ਨਿਸ਼ਾਨ ਸਾਹਿਬਾਨ ਦੀ ਪਰਕਰਮਾ ਕੀਤੀ ਤੇ ਫਿਰ ਇਹ ਬਿਨ-ਜੱਥਿਓਂ ਜਥੇਦਾਰ ਹੁਕਮਨਾਮੇ ਦੀਆਂ ਤੁਕਾਂ ਪੜ੍ਹਦੇ ਹਨ! ਕੀ ਹਨ—ਇਹ ਤੁਕਾਂ ?

ਕਾਇਆ ਕਾਗਦੁ ਮਨੁ ਪਰਵਾਣਾ ॥
ਸਿਰ ਕੇ ਲੇਖ ਨ ਪੜੈ ਇਆਣਾ ॥*

ਬੱਸ ਫਿਰ ਕੀ ਸੀ ? ਬਾਬਾ ਬੁੱਢਾ ਜੀ ਵਾਂਗ ਇਹ ਉਮਰੋਂ ਇਆਣਾ ਤੇ ਅੰਦਰੋਂ ਸਿਆਣਾ ਬਾਲਕ ਬਾਬਾ ਜੀ ਦੀ ਬੇਰੀ ਵਲੋਂ ਹੋ ਕੇ ਸਰਾਂ ਦੇ ਬਾਹਰਲੇ ਸਿੰਘ ਦੁਆਰ ਅੱਗੇ ਪਹੁੰਚਦੇ ਹਨ, ਸਾਮ੍ਹਣੇ ਹਰਿ ਕੀ ਪਉੜੀ ਨਜ਼ਰ ਆਉਂਦੀ ਹੈ, ਸਿਰ ਨਿਵਾਉਂਦੇ ਹੋਏ ਆਪਣੀ ਅਰਦਾਸ ਦੁਹਰਾਂਦੇ ਹਨ। ਇਥੇ ਇਕ ਗੁਰਮੁਖ ਪਿਆਰੇ ਇਸ ਭਾਵ ਦੇ ਸ਼ਬਦ ਕਹਿੰਦੇ ਹਨ, "ਗੁਰੂ ਕੇ ਸਿੰਘਾ, ਅੱਜ ਕੁਰਬਾਨੀ ਦਾ ਮੌਕਾ ਹੈ। ਗੁਰੂ ਨੂੰ ਸੀਸ ਦੀ ਲੋੜ ਹੈ। ਗੁਰੂ-ਸ਼ਾਨ ਦੇ ਵਿਰੁਧ ਬਕ-ਬਾਦ ਬੰਦ ਕਰਾਉਣ ਲਈ ਸਿੰਘਾਂ ਨੇ ਚੜ੍ਹਾਈਆਂ ਕੀਤੀਆਂ ਹਨ, ਸੋ ਤੁਸੀਂ ਵੀ ਸ਼ਾਮਲ ਹੋ ਜਾਉ।"

ਸਿੰਘ ਨੂੰ ਤਾਂ ਲਾਲੀਆਂ ਚੜ੍ਹ ਜਾਂਦੀਆਂ ਹਨ।

"ਤਨੁ ਮਨੁ ਧਨੁ ਅਰਪੀ ਸਭੋ
ਸਗਲ ਵਾਰੀਐ ਇਹ ਜਿੰਦ ॥"†

ਗੁਰੂ-ਪਿਆਰ ਵਾਲੀਆਂ ਫੌਜਾਂ ਵਿਚ ਸ਼ਾਮਲ ਹੋ ਪੇਸ਼ ਪੇਸ਼ ਜਾ ਰਿਹਾ ਹੈ ਇਹ ਗੁਰੂ ਕਾ ਲਾਲ। ਤੁਰਨ ਲਗਿਆਂ, ਕਹਿੰਦੇ ਨੇ, ਪਿਆਸ ਬੁਝਾਉਣ ਲਈ ਪਾਣੀ ਪੀਣ ਲਗਦਾ ਹੈ, ਜਿਸ ਗਲਾਸ ਨੂੰ ਹੱਥ ਪਾਇਆ ਹੈ, ਉਸੇ ਨੂੰ ਕਿਸੇ ਹੋਰ ਸਿੰਘ ਨੇ ਉਚੱਕ ਲਿਆ ਹੈ। ਬੱਸ ਫਿਰ ਜਲ ਵਲ ਨਹੀਂ ਤਕਿਆ, ਪਰਸ਼ਾਦਾ ਵੀ ਨਹੀਂ ਛਕਿਆ, ਨਿਵਾਸ ਵਲ ਮੂੰਹ ਨਹੀਂ ਕੀਤਾ, ਪੈਰੀਂ ਜੋੜਾ ਨਹੀਂ ਲੀਤਾ ਤੇ ਅਗਾਂਹ ਕੂ ਤ੍ਰਾਘਿ ਸ਼ਹੀਦੀ ਜਾਮ ਜਾ ਪੀਤਾ। ਸ਼ਹੀਦੀ ਲਾੜੀ ਵਰਨ ਲਈ ਅਗਾੜੀ ਜਾ ਰਹੇ ਦੂਲ੍ਹੇ ਦਾ ਗੋਲੀਆਂ ਨੇ ਸੁਆਗਤ ਕੀਤਾ, ਆਪਣੀ ਬਰਾਤ ਵਲ ਝਾਤ ਪਾਉਂਦਾ, ਫਤਹ ਗਜਾਉਂਦਾ, ਗੁਰਿ-ਜੋਤਿ ਦਾ ਪਰਵਾਨਾ, ਪਰਵਾਨ ਹੋ ਸਦੀਵੀ ਚਾਨਣ-ਮੁਨਾਰਾ ਬਣ ਕੇ ਸਮਾ ਗਿਆ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹ ॥

*ਸਿਰੀ ਰਾਗੁ ਮ: ੫, ਪੰਨਾ ੭੪

†ਧਨਾਸਰੀ ਮ: ੧, ਪੰਨਾ ੬੬੨

## ਭਾਈ ਫ਼ੌਜਾ ਸਿੰਘ ਜੀ ਸ਼ਹੀਦ ਦੇ ਪਿੰਡ ਗੁਰਮਤਿ ਸਮਾਗਮ

ਸ਼ਹੀਦਾਂ ਦੀ ਯਾਦ ਅਤੇ ਭਾ: ਸਾ: ਭਾਈ ਫ਼ੌਜਾ ਸਿੰਘ ਜੀ ਦੇ ਮਾਤਾ ਦੇ ਅਕਾਲ ਚਲਾਣਾ ਕਰ ਜਾਣ ਤੇ ਪਿੰਡ ਗ਼ਜ਼ਨੀਪੁਰ ਵਿਖੇ ੨੦ ਮਈ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੀ ਸਮਾਪਤੀ ਉਪਰੰਤ ੯ ਵਜੇ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਪਿੰਡ ਗ਼ਜ਼ਨੀਪੁਰ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਰੋਡ ਉਪਰ ਸਾਢੇ ਪੰਜ ਮੀਲ ਹੈ। ਅਜੀਤ ਨਗਰ ਤੋਂ ਸ਼ਨੀਵਾਰ ਸ਼ਾਮ ਨੂੰ ਗ਼ਜ਼ਨੀਪੁਰ ਲਈ ਟ੍ਰਕ ਚਲੇਗਾ।

ਪ੍ਰਾਰਥਕ—ਸਰਬ ਹਿੰਦ ਅਖੰਡ ਕੀਰਤਨੀ ਜੱਥਾ

www.AKJ.Org

# ਸ਼ਹੀਦ ਭਾ: ਗੁਰਦਿਆਲ ਸਿੰਘ ਜੀ ਮੋਦੇ

[ਵਲੋਂ–ਗਿਆਨੀ ਜਸਵੰਤ ਸਿੰਘ ਜੀ ਬੀ. ਏ. ਬੀ. ਟੀ.]

ਵੈਸਾਖੀ ਵਾਲੇ ਤਾਜ਼ਾ ਸਾਕੇ ਵਿਚ ਸ਼ਹੀਦੀ ਪਾਣ ਵਾਲੇ ਤੇਰ੍ਹਾਂ ਸਿੰਘਾਂ ਵਿਚੋਂ ਭਾਈ ਗੁਰਦਿਆਲ ਸਿੰਘ ਜੀ ਪਿੰਡ ਮੋਦੇ ਇਕ ਕਮਾਲ ਦੀ ਰੂਹ ਸੀ। ਪਿਉ ਦਾਦੇ ਦੇ ਪਰਵਾਰ ਵਿਚ ਕੋਈ ਤਿਆਰ ਬਰ ਤਿਆਰ ਸਿੰਘ ਸਰਦਾਰ ਨਹੀਂ ਸੀ, ਸਗੋਂ ਉਲਟ ਪ੍ਰਭਾਵ ਵਾਲਾ ਵਾਤਾਵਰਣ ਸੀ। ਕਲਰ ਵਿਚ ਕੰਵਲ ਆਣਿ ਉਗਵਿਆ। ਜਨਮ ਤੋਂ ਹੀ ਭਲੇ ਪਾਸੇ ਰੁੱਚੀ ਤਾਂ ਜ਼ਰੂਰ ਸੀ, ਪਰ ਗੁਰਮਤਿ ਸਿਧਾਂਤਾਂ ਵਾਲੀ ਸੋਧ ਸਹਿਜੇ ਸਹਿਜੇ ਇਖ਼ਤਿਆਰ ਕੀਤੀ। ਕੋਈ ਬੱਤੀ ਵਰ੍ਹੇ ਦੀ ਆਯੂ ਸੀ ਇਸ ਵੇਲੇ ਇਸ ਵੀਰ ਦੀ, ਬੜੀ ਗੰਭੀਰ, ਧੀਰ ਭਰਪੂਰ ਮੂਰਤ ਸੀ। ਦਸ ਜਮਾਤਾਂ ਅਟਾਰੀ ਦੇ ਸਰਕਾਰੀ ਸਕੂਲ ਤੋਂ ਪਾਸ ਕੀਤੀਆਂ ਘਰ ਦੇ ਕੰਮ-ਕਾਰ ਵਾਹੀ ਵਿਚ ਵਾਹ ਲਗੇ ਅਨੁਸਾਰ ਸਹਾਇਤਾ ਕਰਨ ਲੱਗੇ। ਗਿਆਨੀ ਪਾਸ ਕਰਨ ਦਾ ਵਿਚਾਰ ਬਣਾ ਕੇ ਸ੍ਰੀ ਅੰਮ੍ਰਿਤਸਰ ਵਿਚ ਦੋ ਚਾਰ ਮਹੀਨੇ ਰਹਿ ਕੇ ਪੜ੍ਹਾਈ ਕੀਤੀ। ਫ਼ਾਲਤੂ ਵਿਚਾਰਾਂ ਵਿਚ ਦਿਲਚਸਪੀ ਨਾ ਪੈਦਾ ਹੋਈ, ਇਸ ਲਈ ਪ੍ਰੀਖਿਆ ਵਿਚ ਰਹਿ ਗਏ। ਹੁਣ ਹੋਰ ਪੜ੍ਹਾਈ ਵਲੋਂ ਰੁੱਚੀ ਰੋਕ ਕੇ ਕੇਵਲ ਗੁਰਮਤਿ ਪੜ੍ਹਾਈ ਕਰਨ ਵਾਲੀ ਨੀਅਤ ਧਾਰ ਲਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਅਭਿਆਸ ਕਰਨ ਲੱਗੇ। ਸ਼ੁਰੂ ਤੋਂ ਹੀ ਪਾਠ ਲੜੀਦਾਰ ਬੀੜ ਤੋਂ ਹੀ ਕਰਦੇ ਸਨ। ਸਹਿਜੇ ਸਹਿਜੇ ਅਖੰਡਪਾਠ ਕਰਨ ਲੱਗੇ। ਆਲੇ ਦੁਆਲੇ ਦੂਰ ਨੇੜੇ ਪਾਠ ਵਿਚ ਸੇਵਾ ਕਰਦੇ ਤਾਂ ਪ੍ਰੇਮੀ ਹੋ ਕੇ ਪ੍ਰੇਮ ਨਾਲ ਹੀ, ਭੇਟਾ ਨਹੀਂ ਸਨ ਲੈਂਦੇ।

ਪਰਮਾਰਥਕ ਪੱਖ ਪ੍ਰੱਪਕ ਹੋਣ ਲਗਿਆ। ਮਹਿਤੇ ਜਾਂ ਹੋਰ ਥਾਵਾਂ ਤੇ ਸਤਿਸੰਗ ਦੀ ਖ਼ਾਤਰ ਜਾਂਦੇ ਰਹਿੰਦੇ ਸੀ। ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਪਰਸਨ ਵੀ ਲੋਚ ਕੇ ਕਰਦੇ ਸਨ।

ਅੰਮ੍ਰਿਤ ਪਾਨ ਭਿੰਡਰਾਂ ਵਾਲੇ ਜੱਥੇ ਤੋਂ ਸਨ ੧੯੭੬ ਦੇ ਕਤਕ ਦੇ ਆਖਰੀ ਦਿਨਾਂ ਵਿਚ ਹੋਏ ਅੰਮ੍ਰਿਤ-ਸਿੰਚਾਰ ਸਮਾਗਮ ਵਿਚ ਕੀਤਾ। ਸਿੰਘਣੀ ਉਸ ਸਮੇਂ ਜਹਾਜ਼ੇ ਚੜ੍ਹਨ ਵਿਚ ਰਜ਼ਾਮੰਦ ਨਹੀਂ ਹੋਈ। ਅਖ਼ੀਰ ਉਹ ਭੀ ਆਉਂਦੇ ਹਾੜ ਵਿਚ ਅੰਮ੍ਰਿਤ ਛਕ ਕੇ ਆਪ ਦੀ ਹਮ-ਸਫ਼ਰ ਹੋ ਗਈ। ਅੰਮ੍ਰਿਤ ਪਾਨ ਕਰਨ ਪਿਛੋਂ ਅੰਮ੍ਰਿਤ ਵੇਲਾ ਬਾਕਾਇਦਗੀ ਨਾਲ ਸੰਭਾਲਦੇ ਸਨ। ਪੰਜਾਂ ਬਾਣੀਆਂ ਦਾ ਨਿਤਨੇਮ ਕਰਨਾ ਹੀ ਸੀ, ਸ੍ਰੀ ਸੁਖਮਨੀ ਸਾਹਿਬ ਦਾ ਪਾਠ ਵੀ ਚਾਲੂ ਰਖਦੇ ਸਨ। ਇਸ ਤੋਂ ਬਿਨਾਂ ਧਾਰਮਕ ਪੁਸਤਕਾਂ ਦਾ ਅਧਿਐਨ ਕਰਦੇ ਰਹਿੰਦੇ ਸਨ। ਤੇ ਇਹ ਪੁਸਤਕਾਂ ਸਜਣਾਂ ਮਿਤਰਾਂ ਪਾਸੋਂ ਲੋਚ ਲੋਚ ਲੈ ਆਉਂਦੇ ਸਨ। ਇਸ ਵੇਲੇ ਸ਼ਹੀਦੀ ਸਮੇਂ 'ਗੁਰਮਤਿ ਨਿਰਣਯ ਭੰਡਾਰ' ਪੁਸਤਕ ਦਾ ਵੀਚਾਰ ਸਹਿਤ ਪਾਠ ਕਰ ਰਹੇ ਸਨ।

ਇਨ੍ਹਾਂ ਦੀ ਪ੍ਰੇਰਨਾ ਨਾਲ ਪਿੰਡ ਵਿਚ ਕਈ ਹੋਰ ਸਿੰਘਾਂ ਨੇ ਅੰਮ੍ਰਿਤ ਛਕਿਆ। ਪਿੰਡ ਦੇ ਗੁਰਦੁਆਰੇ ਦੇ ਪ੍ਰਬੰਧ ਵਿਚ ਤੇ ਹੋਰ ਧਾਰਮਕ ਖੇਤਰਾਂ ਵਿਚ ਇਹ ਮੁਖੀ ਜਾਂ ਪਰਧਾਨ ਸਨ। ਸਾਰੇ ਇਨ੍ਹਾਂ ਦੀ ਸਲਾਹ ਮੰਨ ਕੇ ਚਲਦੇ ਸਨ। ਸੁਭਾ ਵਿਚ ਕਾਹਲੀ ਕਿ ਖਿਝ ਕਿ ਕਰੋਧ, ਦਾ ਲੇਸ ਨਹੀਂ ਸੀ। 'ਗੁਰਮੁਖਿ ਮਾਇਆ ਵਿਚ ਉਦਾਸੀ' ਵਾਲੀ ਸੋਹਣੀ ਲੀਹ ਪਾ ਕੇ ਵਿਖਾਈ ਹੈ, ਇਨ੍ਹਾਂ ਨੇ। ਭਰਾਵਾਂ ਨਾਲ, ਗੁਰਮਤਿ ਆਸ਼ੇ ਅਨੁਸਾਰ ਨਾ ਬਣ ਸਕਣ ਦੇ ਕਾਰਨ ਆਪਣੇ ਹਿਸੇ ਦੀ ਦੋ ਕੁ ਕਿਲੇ ਜ਼ਮੀਨ ਲੈ ਕੇ ਆਪਣੀ ਨਿਵੇਕਲੀ ਹਵੇਲੀ ਬਣਾ ਕੇ ਅਡਰੀ ਹੀ ਵਾਹੀ ਕਰਨ ਲੱਗੇ। ਪਿੰਡ ਤੋਂ ਅਲੱਗ ਥਲੱਗ ਇਨ੍ਹਾਂ ਦਾ ਨਿਵਾਸ-ਅਸਥਾਨ, ਕਿਸੇ ਯਾਤਰੂ ਉਪਰ ਇਕ ਤੀਰਥ-ਅਸਥਾਨ ਵਾਲਾ ਮਹਾਨ ਤੇ ਸ਼ਾਂਤ ਪਰਭਾਵ ਪਾਉਂਦਾ ਹੈ।



www.AKJ.Org

10

# ਸ਼ਹੀਦ ਭਾਈ ਗੁਰਚਰਨ ਸਿੰਘ ਜੀ, ਲੁਧਿਆਣਾ

ਭਾਈ ਗੁਰਚਰਨ ਸਿੰਘ ਭਾਈ ਦਲੀਪ ਸਿੰਘ ਜੀ ਜ਼ਰਾਇਤ ਇਨਸਪੈਕਟਰ ਦੇ ਘਰ, ਸਰਦਾਰਨੀ ਨਰੈਣ ਕੌਰ ਦੀ ਕੁਖੋਂ ੧ ਅਕਤੂਬਰ ੧੯੪੯ ਨੂੰ ਰੁੜਕਾ ਕਲਾਂ ਜ਼ਿਲਾ ਜਲੰਧਰ ਵਿਖੇ ਪੈਦਾ ਹੋਇਆ। ਇਹ ਪਰਵਾਰ ਬਟਵਾਰੇ ਤੋਂ ਪਿਛੋਂ ਨਿਊ ਮਾਡਲ ਟਾਊਨ ਲੁਧਿਆਣੇ ਵਿਚ ਆਪਣਾ ਟਿਕਾਣਾ ਬਣਾ ਕੇ ਆਣ ਵਸਿਆ। ਇਥੇ ਹੀ ਭਾਈ ਗੁਰਚਰਨ ਸਿੰਘ ਨੇ ਪਰਵਰਿਸ਼ ਪਾਈ ਤੇ ਪ੍ਰੀ-ਯੂਨੀਵਰਸਿਟੀ ਪਾਸ ਕਰ ਕੇ ਐਗਰੀਕਲਚਰ ਦਾ ਡਿਪਲੋਮਾ ਹਾਸਲ ਕੀਤਾ। ਲੁਧਿਆਨਾ ਐਗਰੀਕਲਚਰ ਯੂਨੀਵਰਸਿਟੀ ਵਿਖੇ ਐਕਸਟੈਨਸ਼ਨ ਡੀਮਾਨਸਟਰੇਟਰ ਦੀ ਅਸਾਮੀ ਤੇ ਨਿਯੁਕਤ ਹੋਇਆ।

ਇਸ ਦੇ ਪਿਤਾ ਭਾਈ ਦਲੀਪ ਸਿੰਘ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟਵਰਤੀਆਂ ਵਿਚੋਂ ਹਨ। ਇਹ ਸਾਰਾ ਪਰਵਾਰ ਚੂੰਕਿ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸੀ, ਇਸ ਕਰਕੇ ਮਾਨਯਵਰ ਭਾਈ ਸਾਹਿਬ ਜੀ ਦੀਆਂ ਅਸੀਸਾਂ ਦਾ ਪਾਤਰ ਬਣਿਆ। ਇਸ ਹੋਣਹਾਰ ਬੱਚੇ ਨੇ ਵੀ ੧੯੫੦ ਵਿਚ ਛੇ ਸਾਲ ਦੀ ਉਮਰ ਵਿਚ ਹੀ ਨਾਰੰਗਵਾਲ ਸਮਾਗਮ ਵਿਖੇ ਅੰਮ੍ਰਿਤ ਪਾਨ ਕੀਤਾ।

ਇਸ ਭੁਜੰਗੀ ਨੂੰ ਗੁਰਸਿਖ ਸੰਗਤਾਂ ਦੇ ਜੋੜ-ਮੇਲ ਸਮਾਗਮਾਂ ਸਮੇਂ ਲੰਗਰ ਦੀ ਸੇਵਾ ਕਰਨ ਦਾ ਬਹੁਤ

---

[ਸਫ਼ਾ ੩੬ ਦੀ ਬਾਕੀ]

ਵਿਸਾਖੀ ਤੋਂ ਪਹਿਲੇ ਦਿਨ ਸ੍ਰੀ ਅੰਮ੍ਰਿਤਸਰ ਜਾਂਦੇ ਹਨ। ਮਨ ਵਿਚ ਪਿਆਸ ਗੁਰੂ-ਦਰਬਾਰ ਦ ਦਰਸ਼ਨ-ਪਰਸ਼ਨ, ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਤੇ ਜੱਥੇ ਦੇ ਆਗੂ ਸੰਤ ਜਰਨੈਲ ਸਿੰਘ ਨੂੰ ਮਿਲਣ ਦੀ ਤੀਬਰ ਹੈ। ਵਿਸਾਖੀ ਵਾਲੇ ਪੁਰਬ ਦੇ ਦਰਸ਼ਨ-ਇਸ਼ਨਾਨ ਤੇ ਨਿਤਨੇਮ ਪਿਛੋਂ ਮੰਜੀ ਸਾਹਿਬ ਦੇ ਦੀਵਾਨ ਵਿਚ ਹਾਜ਼ਰੀ ਭਰ ਰਹੇ ਹਨ। ਸੰਤ ਜਰਨੈਲ ਸਿੰਘ ਜੀ ਨੇ ਪੰਜਾਬ ਦੇ ਮਾਲ-ਮੰਤ੍ਰੀ ਨੂੰ ਨਰਕਧਾਰੀ ਮੰਡਲ ਵਲੋਂ ਗੁਰੂ-ਘਰ ਦੀ ਹੋ ਰਹੀ ਹੇਠੀ ਨੂੰ ਰੋਕਣ ਦਾ ਉਪਰਾਲਾ ਕਰਨ ਲਈ ਕਿਹਾ, ਪਰ ਤਸੱਲੀ ਨਹੀਂ ਹੋਈ। ਸੰਤ ਜੀ ਆਪਣੇ ਨਿਵਾਸ-ਅਸਥਾਨ, ਜੋ ਇਸ ਵੇਲੇ ਸਰਾਂ ਦਾ ਇਕ ਹਾਲ ਕਮਰਾ ਸੀ, ਤੇ ਆਉਂਦੇ ਹਨ। ਅਖੰਡ ਕੀਰਤਨੀ ਜੱਥੇ ਤੇ ਭਿੰਡਰਾਂ ਵਾਲੇ ਜੱਥੇ ਦੇ ਕੁਝ ਸਿੰਘ ਵਿਰੋਧੀਆਂ ਵਲੋਂ ਹੋ ਰਹੇ ਖੁਲ੍ਹਮ-ਖੁਲ੍ਹਾ ਗੁਰੂ-ਘਰ ਦੀ ਨਿੰਦਾ-ਪਰਚਾਰ ਵਾਲੇ ਸਮਾਗਮ ਨੂੰ ਸ਼ਾਂਤ-ਮਈ ਢੰਗ ਨਾਲ ਰੋਕਣ ਲਈ ਪ੍ਰੋਗਰਾਮ ਬਣਾਉਂਦੇ ਹਨ। ਸੰਤ ਜਰਨੈਲ ਸਿੰਘ ਜੀ ਖ਼ੁਦ ਸਿੰਘਾਂ ਨਾਲ ਜਾ ਕੇ ਨਿੰਦਕਾਂ ਨੂੰ ਠਲ੍ਹ ਪਾਣ ਲਈ ਤਿਆਰ ਹੋਂਦੇ ਹਨ ਤਾਂ ਉਸ ਵੇਲੇ ਇਹੋ ਮਾਈ ਦਾ ਲਾਲ ਗੁਰਦਿਆਲ ਸਿੰਘ ਹੀ ਸੀ, ਜਿਸ ਨੇ ਖੜੇ ਹੋ ਕੇ ਬੇਨਤੀ ਕੀਤੀ ਕਿ ਸੰਤ ਜੀ ਉਥੇ ਨਾ ਜਾਣ, ਸਗੋਂ ਉਹ ਦਾਸ ਲਈ ਅਰਦਾਸ ਕਰਨ ਕਿ ਮੈਂ ਇਸ ਧਰਮ ਕਾਰਜ ਵਿਚ ਜੂਝ ਜਾਵਾਂ। ਇਹ ਦਿਲਾਵਰ ਵੀਰ ਆਪਣੀ ਰੋਜ਼ਾਨਾ ਅਰਦਾਸ ਵਿਚ ਸਤਿਗੁਰੂ ਅੱਗੇ ਇਸਤਰ੍ਹਾਂ ਦੀ ਮੰਗ ਕਰਿਆ ਕਰਦੇ ਸਨ, "ਤੇਰੇ ਚਰਨਾਂ ਵਿਚ ਹੀ ਮੇਰਾ ਸੀਸ ਲੱਗੇ"।

ਇਹ ਬਾਂਕੇ ਸੂਰਬੀਰ ਵੀ ਆਪਣੇ ਬਚਨਾਂ ਤੇ ਪੂਰਾ ਪਹਿਰਾ ਦਿੰਦੇ ਹੋਏ ਮਨ ਬੱਚ ਨਾਲ ਕਰਮ ਦੀ ਪੂਰੀ ਏਕਤਾ ਦਰਸਾ ਗਏ ਹਨ, ਮਨ ਬੱਚ ਕਰਮ ਦੀ ਏਕਤਾ ਦੇ ਕੈਸੇ ਸੋਹਣੇ ਤੇ ਸਹੀ ਪੂਰਨੇ ਪਾਏ ਹਨ। ਆਪਣੇ ਪਿਛੇ ਆਪਣੀ ਪਤਨੀ ਤੋਂ ਇਲਾਵਾ ਤਿੰਨ ਬੱਚੇ, ਜਿਨ੍ਹਾਂ ਦੀ ਉਮਰ ਤਰਤੀਬ ਵਾਰ 7 ਸਾਲ, $5\frac{1}{2}$ ਸਾਲ ਤੇ $1\frac{1}{2}$ ਕੁਸਾਲ ਦੀ ਹੈ ਅਤੇ ਇਕ ਤਿੰਨ ਕੁ ਸਾਲ ਦੀ ਬੱਚੀ ਛਡ ਗਏ ਹਨ। ਧੰਨ ਹਨ ਐਸੇ ਅਨਿੰਨ ਸਿਖ ਸੂਰਮੇ ਸੰਤ, ਜਿਨ੍ਹਾਂ ਨੇ ਮਾਸੂਮ ਬਾਲਾਂ ਤੇ ਬਾਲਾਂ ਦੀ ਮਾਤਾ ਦਾ ਮੋਹ-ਮਈ ਜਾਲ ਚੂਰ ਚੂਰ ਕੀਤਾ ਤੇ ਗੁਰੂ-ਪੰਥ ਖ਼ਾਤਰ ਆਪਣਾ ਸਰੀਰ ਲੇਖੇ ਲਾ ਦਿਤਾ।

ਐਸੇ ਮਹਾਨ ਸ਼ਹੀਦਾਂ ਦਾ ਖ਼ੂਨ ਸਾਡੇ ਵਿਚ ਜਾਨ ਪਾਵੇ ਤੇ ਅਸੀਂ ਅਣਖ-ਆਨ ਵਾਲਾ ਜੀਵਨ ਬਤੀਤ ਕਰੀਏ।



www.AKJ.Org

ਹੀ ਚਾਅ ਸੀ ਅਤੇ ਦਿਨ ਰਾਤ ਸੇਵਾ ਕਰਦਾ ਅਕਦਾ ਬਕਦਾ ਨਹੀਂ ਸੀ। ਸੁਭਾਅ ਦਾ ਬਹੁਤ ਮਿਠਬੋਲਾ ਸੀ। ਸੰਗਤ ਵਿਚ ਜਾ ਕੇ ਕੀਰਤਨ ਸੁਣਨ ਦਾ ਬਚਪਨ ਤੋਂ ਹੀ ਪ੍ਰੇਮੀ ਸੀ। ਹਮੇਸ਼ਾ ਕੀਰਤਨੀ ਸਿੰਘਾਂ ਦੇ ਸਾਹਮਣੇ ਸਭ ਤੋਂ ਅਗੇ ਬੈਠਦਾ ਹੁੰਦਾ ਸੀ। ਜਿਹੜੇ ਬੱਚੇ ਕੀਰਤਨ ਸੁਣਨ ਦਾ ਸ਼ੌਕ ਰਖਦੇ ਹੁੰਦੇ ਸਨ, ਉਨ੍ਹਾਂ ਨੂੰ ਘਰੋ ਘਰੀ ਜਾ ਕੇ ਬੁਲਾ ਲਿਆਉਣਾ ਅਤੇ ਆਪਣੇ ਸਾਈਕਲ ਦੇ ਅਗੇ ਪਿਛੇ ਬਿਠਾ ਕੇ ਸੰਗਤ ਵਿਚ ਆ ਜੁੜਨਾ।

ਗੁਰੂ ਪਾਤਸ਼ਾਹ ਦੀ ਅਪਾਰ ਬਖ਼ਸ਼ਸ਼ ਇਸ ਮਰ-ਜੀਊੜੇ ਉਤੇ ਹੋਣ ਕਰਕੇ ਪੰਜਾਂ ਬਾਣੀਆਂ ਦਾ ਨਿਤਨੇਮ ਪਾਠ, ਇਸ ਨੇ ਪੰਜਵੀਂ ਜਮਾਤ ਵਿਚ ਹੀ ਕੰਠ ਕਰ ਲਿਆ ਸੀ। ਪਿੰਡ ਨੰਗਲ ਜ਼ਿਲਾ ਫਰੀਦ-ਕੋਟ ਜਦ ਇਹ ਜਾਂਦਾ ਹੁੰਦਾ ਸੀ ਤਾਂ ਗੁਰਦੁਆਰਾ ਸਾਹਿਬ ਅੰਮ੍ਰਿਤ ਵੇਲੇ ਸੁਖਮਣੀ ਸਾਹਿਬ ਦੇ ਪਾਠ ਦੀ ਸੇਵਾ ਆਪਣੇ ਜ਼ਿਮੇ ਲੈਂਦਾ ਹੁੰਦਾ ਸੀ।

ਇਹ ਵੀਰ ਕਿਸੇ ਪ੍ਰਤੀ ਦਵੈਤ ਭਾਵ ਨਹੀਂ ਸੀ ਰਖਦਾ। ਜੇ ਕੋਈ ਸਜਣ ਇਸ ਨੂੰ ਕਿਸੇ ਦਵੈਤ ਕਾਰਨ ਨਹੀਂ ਸੀ ਬੁਲਾਉਂਦਾ ਤਾਂ ਇਹ ਆਪ ਉਨ੍ਹਾਂ ਦੇ ਘਰ ਚਲਾ ਜਾਂਦਾ ਤੇ ਨਿਮਰਤਾ ਭਰਪੂਰ ਸ਼ਾਂਤੀ ਨਾਲ ਬਚਨ ਬਿਲਾਸ ਕਰ ਕੇ ਭੈਣਾਂ ਭਰਾਵਾਂ ਵਾਲਾ ਮੇਲ-ਮਿਲਾਪ ਸ਼ੁਰੂ ਕਰ ਦਿੰਦਾ ਸੀ।

ਇਕ ਵਾਰੀ ਦੀ ਗੱਲ ਹੈ ਕਿ ਜਦੋਂ ਇਸ ਵੀਰ ਦੀ ਉਮਰ ਪੰਜ ਛੇ ਸਾਲ ਦੀ ਹੀ ਸੀ ਤਾਂ ਸਾਰਾ ਪਰਵਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨਾਂ ਲਈ ਪਿੰਡ ਨਾਰੰਗਵਾਲ ਪੁਜਾ। ਸਾਰੇ ਭਾਈ ਸਾਹਿਬ ਜੀ ਨੂੰ ਪਿਆਰ-ਗਲਵਕੜੀਆਂ ਪਾ ਕੇ ਮਿਲੇ। ਭਾਈ ਸਾਹਿਬ ਜੀ ਨੇ ਸਾਰੇ ਬੱਚਿਆਂ ਨੂੰ ਚੁਕ ਕੇ ਪਿਆਰ ਕੀਤਾ। ਜਦੋਂ ਇਸ ਦੀ ਵਾਰੀ ਆਈ ਤਾਂ ਇਸ ਨੇ ਭਾਈ ਸਾਹਿਬ ਜੀ ਨੂੰ ਐਸੀ ਗਲਵਕੜੀ ਪਾਈ ਅਤੇ ਨਾਮ-ਅਭਿਆਸ ਦਾ ਐਸਾ ਅਤੁੱਟ ਖੰਡਾ ਖੜਕਾਇਆ ਕਿ ਛਡੇ ਹੀ ਨਾ। ਕਿੰਨਾ ਚਿਰ ਹੀ ਇਹ ਰੌ ਇਵੇਂ ਚਲਦੀ ਰਹੀ। ਸਿੰਘਾਂ ਦੀਆਂ ਪ੍ਰੇਮ-ਮਿਲਣੀਆਂ ਦੀ ਇਹ ਅਸਚਰਜ ਲੀਲ੍ਹਾ ਓਦੋਂ ਚਲਦੀ ਹੁੰਦੀ ਸੀ, ਜਿਹੜੀ ਕਿ ਹੁਣ ਕਿਤੇ ਨਜ਼ਰੀ ਹੀ ਨਹੀਂ ਪੈਂਦੀ।

ਇਹ ਗੁਰਮੁਖ ਪਿਆਰਾ ਲੋੜਵੰਦਾਂ ਅਤੇ ਅਤਿਥੀਆਂ ਦੀ ਬਿਨਾਂ ਸੰਕੋਚ ਸਹਾਇਤਾ ਕਰਦਾ ਸੀ। ਅਤੇ ਹਸਪਤਾਲ ਵਿਚ ਜਾ ਕੇ ਰੋਗੀਆਂ ਨੂੰ ਸਵੇਰੇ ਸ਼ਾਮ ਪਰਸ਼ਾਦ ਪਾਣੀ ਪਹੁੰਚਾਉਣ ਦੀ ਸੇਵਾ ਆਪਣੇ ਜ਼ਿਮੇ ਲੈ ਲੈਂਦਾ ਸੀ। ਦੋਵੇਂ ਵੇਲੇ ਇਹ ਸੇਵਾ ਵੀ ਨਿਭਾਉਣੀ, ਸਰਵਿਸ ਵੀ ਕਰਨੀ, ਸ਼ਾਮ ਨੂੰ ਈਵਨਿੰਗ ਕਲਾਸ ਵਿਚ ਜਾ ਕੇ ਪੜ੍ਹਾਈ ਵੀ ਕਰਨੀ ਅਤੇ ਵਿਚੋਂ ਹੀ ਸਮਾਂ ਕਢ ਕੇ ਸੰਗਤਾਂ ਵਿਚ ਵੀ ਜਾ ਜੁੜਦਾ ਹੁੰਦਾ ਸੀ। ਇਸ ਤਰ੍ਹਾਂ ਆਪਣਾ ਦਿਨ ਰਾਤ ਦਾ ਸਮਾਂ ਸੁਲੇਖੇ ਲਾਉਂਦਾ ਸੀ। ਸ਼ਹੀਦ ਭਾਈ ਫੌਜਾ ਸਿੰਘ ਜੀ ਨਾਲ ਇਨ੍ਹਾਂ ਦਾ ਗੂੜ੍ਹਾ ਮੇਲਾ-ਮਿਲਾਪ ਤੇ ਪਿਆਰ ਸੀ ਅਤੇ ਉਨ੍ਹਾਂ ਦੇ ਨਿਰਭੈ ਜੀਵਨ ਤੋਂ ਬਹੁਤ ਪ੍ਰਭਾਵਤ ਸੀ।

ਗੁਰਸਿਖਾਂ ਦੇ ਦਰਸ਼ਨ ਮੇਲਿਆਂ ਨੂੰ ਆਪਣੇ ਨਿਜੀ ਜ਼ਰੂਰੀ ਤੋਂ ਜ਼ਰੂਰੀ ਕੰਮਾਂ ਨਾਲੋਂ ਵੀ ਮਹੱਤਤਾ ਦਿੰਦਾ ਸੀ। ਹੁਣ ੧੫ ਅਪ੍ਰੈਲ ੧੯੭੮ ਨੂੰ ਉਸ ਦੀ ਬੀ. ਏ. ਪ੍ਰੀਖਿਆ ਦਾ ਪਹਿਲਾ ਪੇਪਰ ਸੀ। ਪਰ ਉਹ ਪੇਪਰ ਵਲੋਂ ਬੇਪਰਵਾਹ ਹੋ ਕੇ ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਸੰਗਤਾਂ ਦੀ ਚਰਨ ਧੂੜੀ ਪਰਸਨ ਲਈ ੧੨ ਅਪ੍ਰੈਲ ਨੂੰ ਅਖੰਡ ਕੀਰਤਨ ਜੱਥਿਆਂ ਦੇ ਸਮਾਗਮ ਵਿਚ ਆਣ ਜੁੜਿਆ। ਇਸ ਲੋਕ ਦੇ ਪਰਚੇ ਤਾਂ ਲੁਧਿਆਣੇ ਹੀ ਰਹਿ ਗਏ ਅਤੇ ੧੩ ਅਪ੍ਰੈਲ ਨੂੰ ਵੈਸਾਖੀ ਵਾਲੇ ਦਿਨ ਇਹ ਨਵੇਂ ਪਰਚੇ ਪੈ ਗਏ 'ਗੁਰ ਕੀ ਨਿੰਦਾ ਸੁਨੈ ਨ ਕਾਨ'' ਅਤੇ ''ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥''

ਭਾਈ ਗੁਰਚਰਨ ਸਿੰਘ ਜੀ ਆਪਣੇ ਮਾਤਾ ਪਿਤਾ, ਤਿੰਨ ਵੀਰਾਂ ਅਤੇ ਤਿੰਨ ਭੈਣਾਂ ਨੂੰ ਵਿਛੋੜਾ ਦੇ ਕੇ ਗੁਰ-ਚਰਨਾਂ ਵਿਚ ਜਾ ਬਿਰਾਜੇ ਹਨ।



www.AKJ.Org

# ਸ਼ਹੀਦ ਭਾਈ ਧਰਮ ਬੀਰ ਸਿੰਘ ਜੀ, ਅੰਮ੍ਰਿਤਸਰ

ਆਪ ਦਾ ਜਨਮ ੧੫ ਮਾਰਚ ੧੯੫੩ ਨੂੰ ਦਿੱਲੀ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਭਾਈ ਲਾਲ ਸਿੰਘ ਜੀ ਤੇ ਮਾਤਾ ਬਾਲ ਕੌਰ ਜੀ ਹਨ। ਇਨ੍ਹਾਂ ਦੇ ਪਿਤਾ ਪਿਛੋਂ ਪਾਕਿਸਤਾਨ ਵਿਚ ਜ਼ਿਲਾ ਸਿਆਲਕੋਟ ਦੀ ਡਸਕਾ ਤਸੀਲ ਦੇ ਪਿੰਡ ਸਾਹੋਵਾਲ ਦੇ ਹਨ। ਇਸ ਪਿੰਡ ਦੇ ਵਸਨੀਕ ਨਨਕਾਣੇ ਸਾਹਿਬ ਦੇ ਖੂਨੀ ਸਾਕੇ ਦੇ ਉਘੇ ਸ਼ਹੀਦ ਭਾਈ ਦਲੀਪ ਸਿੰਘ ਜੀ ਹੋਏ ਹਨ, ਜਿਨ੍ਹਾਂ ਦਾ ਆਪ ਦੇ ਪਰਵਾਰ ਨਾਲ ਅਤਿ ਦਾ ਪਿਆਰ ਸੀ।

ਭਾਈ ਧਰਮਬੀਰ ਸਿੰਘ ਜੀ ਦੇ ਪਿਤਾ ਦੇ ਸਿਰ ਤੋਂ ਛੋਟੀ ਉਮਰ ਤੋਂ ਹੀ ਬਜ਼ੁਰਗਾਂ ਦਾ ਸਾਇਆ ਚੁਕਿਆ ਗਿਆ ਸੀ, ਜਿਸ ਕਰਕੇ ਇਨ੍ਹਾਂ ਦੇ ਪਿਤਾ ਅਤੇ ਉਨ੍ਹਾਂ ਦੇ ਦੋ ਭਰਾਵਾਂ ਨੂੰ ਬਾਲ ਉਮਰੇ ਹੀ ਰਾਜਗੀਰੀ ਦੇ ਕੰਮ ਵਿਚ ਪੈਣਾ ਪੈ ਗਿਆ। ਇਹ ਤਿੰਨੇ ਭਰਾ ਇਸ ਛੋਟੀ ਉਮਰ ਵਿਚ ਹੀ ਆਪਣੇ ਰਾਜਗੀਰੀ ਦੇ ਕੰਮ ਵਿਚ ਆਲੇ ਦੁਆਲੇ ਪਿੰਡਾਂ ਵਿਚ ਜਾਂਦੇ ਹੁੰਦੇ ਸਨ, ਜਦ ਕਿ 'ਭਿਖੀ' ਪਿੰਡ ਵਿਚ ਇਕ ਉਚ ਜੀਵਨ ਵਾਲੇ ਨਿਰਮਾਣ ਸੇਵਕ ਭਾਈ ਸਾਹਿਬ ਜਵਾਲਾ ਸਿੰਘ ਜੀ ਦੀ ਸੰਗਤ ਇਨ੍ਹਾਂ ਨੂੰ ਪ੍ਰਾਪਤ ਹੋਈ। ਇਸ ਗੁਰਮੁਖ ਨੇ ਆਪ ਕੱਚੇ ਕੋਠਿਆਂ ਵਿਚ ਰਹਿਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਉਚੇ ਸੁੰਦਰ ਮੰਦਰ ਸਾਜੇ ਹੋਏ ਸਨ, ਜਿਥੇ ਰੋਜ਼ ਅੰਮ੍ਰਿਤ ਵੇਲੇ ਤੇ ਸ਼ਾਮ ਨੂੰ ਰਸ ਭਿੰਨੀ ਅੰਮ੍ਰਿਤ-ਬਾਣੀ ਦੀ ਵਰਖਾ ਹੋਣੀ, ਆਏ ਗਏ ਯਾਤਰੂਆਂ ਨੂੰ ਲੰਗਰ ਤੇ ਆਰਾਮ ਮਿਲਣਾ। ਇਸ ਗੁਰਦੁਆਰੇ ਦੇ ਗੁਰਮੁਖ ਗ੍ਰੰਥੀ ਭਾਈ ਸੋਭਾ ਸਿੰਘ ਜੀ ਤੇ ਸੰਤ ਸਰੂਪ ਲਾਂਗਰੀ ਭਾਈ ਤ੍ਰਿਲੋਕ ਸਿੰਘ ਜੀ ਦੀ ਸੰਗਤ ਨੇ ਭਾਈ ਲਾਲ ਸਿੰਘ ਜੀ ਤੇ ਉਨ੍ਹਾਂ ਦੇ ਛੋਟੇ ਵੀਰ ਭਾਈ ਗੋਪਾਲ ਸਿੰਘ ਨੂੰ ਐਸੀ ਖਿਚ ਪਾਈ ਕਿ ਪਾਕਿਸਤਾਨ ਬਣਨ ਤਕ ਇਹ ਭਿਖੀ ਵਿਚ ਹੀ ਰਾਜਗੀਰੀ ਦਾ ਕੰਮ ਕਰਦੇ ਰਹੇ।

ਭਾਈ ਲਾਲ ਸਿੰਘ ਤੇ ਭਾਈ ਗੋਪਾਲ ਸਿੰਘ ਜੀ ਇਸ ਗੁਰਮੁਖ ਸੰਗਤ ਵਿਚ ਰਹਿ ਕੇ ਗੁਰੂ ਘਰ ਦੇ ਚੰਗੇ ਸ਼ਰਧਾਲੂ ਬਣ ਗਏ। ਅਤੇ ਗੁਰਸਿਖੀ ਵਲ ਰੁਚੀ ਦਿਨ ਬਦਿਨ ਵਧਦੀ ਗਈ। ਇਨ੍ਹਾਂ ਦਾ ਸਭ ਤੋਂ ਵੱਡਾ ਭਾਈ ਮੁਨਸ਼ੀ ਰਾਮ ਆਖ਼ਰੀ ਦਿਨ ਤਕ ਖੋਤੀ ਚੁੰਗਦਾ ਰਿਹਾ, ਜਦ ਕਿ ਕੁਝ ਚਿਰ ਲਈ ਭਾਈ ਦਲੀਪ ਸਿੰਘ ਜੀ ਸ਼ਹੀਦ ਨੇ ਇਹ ਨਸ਼ਾ ਇਸ ਤੋਂ ਛਡਵਾ ਵੀ ਦਿਤਾ ਸੀ।

ਪਾਕਿਸਤਾਨ ਬਣਨ ਤੋਂ ਬਾਅਦ ਸਮੇਂ ਦੇ ਚੱਕਰ ਅਨੁਸਾਰ ਇਹ ਜ਼ਿਲਾ ਹੁਸਿਆਰਪੁਰ ਵਿਚ ਕੁਝ ਸਮਾਂ ਰਹਿ ਕੇ ਦਿੱਲੀ ਜਾ ਠਹਿਰੇ ਤੇ ਅਖੀਰ ਸ੍ਰੀ ਅੰਮ੍ਰਿਤਸਰ ਜੀ ਸਾਰੇ ਇਕੱਠੇ ਆ ਹੋਏ। ਭਾਈ ਸੋਭਾ ਸਿੰਘ ਜੀ ਨੇ ਇਥੇ ਇਕ ਮਸਜਿਦ ਵਿਚ ਗੁਰਦੁਆਰਾ ਅਸਥਾਪਤ ਕਰ ਲਿਆ ਅਤੇ ਤਿਆਗ ਮੂਰਤ ਭਾਈ ਤ੍ਰਿਲੋਕ ਸਿੰਘ ਜੀ ਵੀ ਉਸੇ ਤਰ੍ਹਾਂ ਉਨ੍ਹਾਂ ਦੇ ਨਾਲ ਸਿਖ ਸੰਗਤਾਂ ਦੀ ਸੇਵਾ ਵਿਚ ਪ੍ਰਸੰਨ ਚਿਤ ਜੁਟ ਗਏ। ਸਤਿਗੁਰਾਂ ਦੀ ਕਿਰਪਾ ਨਾਲ ਇਥੇ ਵੀ ਉਨ੍ਹਾਂ ਨੇ ਗੁਰਸਿਖੀ ਦਾ ਚੰਗਾ ਰੰਗ ਲਾਇਆ ਅਤੇ ਫਿਰ ਪਾਕਿਸਤਾਨ 'ਭਿਖੀ' ਦੇ ਗੁਰਦੁਆਰੇ ਵਾਂਗ ਕੀਰਤਨ, ਲੰਗਰ ਤੇ ਕੜਾਹ ਪ੍ਰਸ਼ਾਦ ਆਦਿ ਚਾਲੂ ਹੋ ਗਿਆ। ਸੰਗਤਾਂ ਆਉਣ ਜਾਣ ਲਗ ਪਈਆਂ।

ਇਸ ਗੁਰਦੁਆਰਾ ਸਾਹਿਬ ਦੇ ਨਾਲ ਚਾਰ ਪੰਜ ਪਰਵਾਰ ਰਹਿੰਦੇ ਸਨ, ਜਿਨ੍ਹਾਂ ਵਿਚ ਭਾਈ ਧਰਮਬੀਰ ਸਿੰਘ ਜੀ ਦੇ ਪਿਤਾ ਤੇ ਚਾਚਾ (ਭਾਈ ਲਾਲ ਸਿੰਘ ਤੇ ਗੋਪਾਲ ਸਿੰਘ ਜੀ) ਵੀ ਪਰਵਾਰਾਂ ਸਮੇਤ ਆ ਵਸੇ ਸਨ। ਇਸ ਗੁਰਸਿਖ ਫੁਲਵਾੜੀ ਵਿਚ ਮਿਲਣ ਨਾਲ ਰੋਜ਼ਾਨਾ ਕੀਰਤਨ, ਨਿਤਨੇਮ ਦਾ ਰੰਗ ਬਝਦਾ ਰਿਹਾ ਅਤੇ ਕੁਝ ਸਮੇਂ ਬਾਅਦ ਐਸੀ ਪ੍ਰੇਰਨਾ ਹੋਈ ਕਿ ਭਾਈ ਗੋਪਾਲ ਸਿੰਘ ਜੀ ਤੋਂ ਬਾਅਦ ਭਾਈ ਲਾਲ ਸਿੰਘ ਜੀ ਦੇ ਭੀ ਭਾਈ ਸਾਹਿਬ ਰਣਧੀਰ ਸਿੰਘ ਜੀ



www.AKJ.Org

ਦੇ ਅਖੰਡ ਕੀਰਤਨੀ ਸਮਾਗਮਾਂ ਵਿਚ ਜਾਣ ਦੇ ਸੁਰੰਜਾਮ ਬਣਦੇ ਗਏ। ਸਹਿਜੇ ਸਹਿਜੇ ਦੋਵੇਂ ਪਰਵਾਰ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਗਏ।

ਭਾਈ ਧਰਮ ਬੀਰ ਸਿੰਘ ਜੀ ਨੇ ਸਕੂਲੀ ਵਿਦਿਆ ਦੀ ਪ੍ਰਾਪਤੀ ਦੇ ਸਮੇਂ ਹੀ ਅੰਮ੍ਰਿਤ ਛਕ ਲਿਆ। ਇਸ ਬੱਚੇ ਦੀ ਗੁਰਸਿਖੀ ਵਲ ਲਗਨ ਦਿਨ ਬਦਿਨ ਵਧਦੀ ਰਹੀ। ਸ਼ਰੋਮਣੀ ਕਮੇਟੀ ਦੇ ਧਾਰਮਿਕ ਇਮਤਿਹਾਨ ਵੀ ਦਿੰਦਾ ਰਿਹਾ। ਦਸਵੀਂ ਤਕ ਵਿਦਿਆ ਪ੍ਰਾਪਤ ਕਰ ਕੇ ਫਿਰ ਇਹ ਨਵੇਂ ਮੋੜ ਵਲ ਮੁੜਿਆ।

ਇਸ ਸਮੇਂ ਵਿਚ ਦੋਹਾਂ ਮਿਸਤ੍ਰੀ ਭਰਾਵਾਂ ਨੇ ਉਦਮ ਕਰ ਕੇ ਅਜੀਤ ਨਗਰ ਵਿਚ ਰਲ ਕੇ ਇਕ ਮਕਾਨ ਬਣਾ ਲਿਆ ਅਤੇ ਛੋਟੇ ਭਾਈ ਗੋਪਾਲ ਸਿੰਘ ਨੇ ਕਿਰਪਾਨਾਂ ਦੀ ਛੋਟੀ ਜਿਹੀ ਫੈਕਟਰੀ ਲਾ ਲਈ। ਆਪਣੇ ਚਾਚਾ ਮਿਸਤ੍ਰੀ ਗੋਪਾਲ ਸਿੰਘ ਜੀ ਪਾਸੋਂ ਭਾਈ ਧਰਮਬੀਰ ਸਿੰਘ ਨੇ ਕਿਰਪਾਨਾਂ ਬਣਾਉਣ ਦਾ ਹੁਨਰ ਸਿੱਖ ਕੇ ਮਕਾਨ ਦੇ ਪਿਛਲੇ ਹਿਸੇ ਵਿਚ ਵੱਖਰੀ ਫੈਕਟਰੀ ਬਣਾ ਲਈ ਅਤੇ ਪੰਜ ਸਾਲ ਖ਼ੂਬ ਮਿਹਨਤ ਕਰ ਕੇ ਇਸ ਕੰਮ ਨੂੰ ਚਲਾਇਆ।

ਜਿਵੇਂ ਭਾਈ ਲਾਲ ਸਿੰਘ ਜੀ ਨੇ ਲਗ ਪਗ ਪੰਜਾਹ ਸਾਲ ਰਾਜਗੀਰੀ ਦੀ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕੀਤੀ ਅਤੇ ਕਿਸੇ ਨਾਲ ਛਲ-ਕਪਟ ਨਹੀਂ ਕੀਤਾ, ਇਵੇਂ ਹੀ ਪਿਤਾ ਦੇ ਪੂਰਨਿਆਂ ਤੇ ਚਲ ਕੇ ਭੁਜੰਗੀ ਧਰਮਬੀਰ ਸਿੰਘ ਨੇ ਭੀ ਆਪਣੀ ਕਿਰਤ ਨੇਕ ਨੀਯਤੀ ਨਾਲ ਨਿਰਮਾਣ ਰਹਿ ਕੇ ਨਿਭਾਈ। ਕਦੇ ਕਿਸੇ ਨਾਲ ਉਚਾ ਨੀਵਾਂ ਨਹੀਂ ਬੋਲਿਆ ਅਤੇ ਨਾ ਹੀ ਕਿਸੇ ਨਾਲ ਵਲ-ਫਰੇਬ ਕੀਤਾ। ਹਰ ਵਕਤ ਹੀ ਹੱਸ ਖੇਡ ਕੇ ਵਕਤ ਪਾਸ ਕਰਦਾ ਸੀ।

ਕਾਕਾ ਧਰਮਬੀਰ ਸਿੰਘ ਨਿੱਕਾ ਜਿਹਾ ਹੁੰਦਾ ਸੀ ਤੇ ਜਪੁਜੀ ਸਾਹਿਬ ਦਾ ਗੁਟਕਾ ਲੈ ਕੇ ਪਾਠ ਸਿਖਣਾ ਅਰੰਭ ਦਿਤਾ ਅਤੇ ਰੋਜ਼ਾਨਾ ਸਵੇਰੇ ਗੁਰਦੁਆਰੇ ਸਾਹਿਬ ਨਿਤਨੇਮ ਰਲ ਮਿਲ ਕੇ ਕਰਨ ਵਿਚ ਹਾਜ਼ਰੀ ਭਰਨੀ, ਸ੍ਰੀ ਗੁਰੂ ਗਰੰਥ ਸਾਹਿਬ ਦੇ ਦਰਸ਼ਨ ਪਰਸ਼ਣੇ ਅਤੇ ਸ਼ਾਮ ਨੂੰ ਸੋਦਰ ਦੇ ਦੀਵਾਨ ਦੀ ਹਾਜ਼ਰੀ ਭਰਨੀ। ਕਾਰਖਾਨਾ ਕਿਰਪਾਨਾਂ ਸ਼ੁਰੂ ਕਰ ਕੇ ਅਖੰਡ ਕੀਰਤਨ ਸਮਾਗਮਾਂ ਵਿਚ ਵੀ ਹਾਜ਼ਰੀਆਂ ਭਰਨੀਆਂ ਅਤੇ ਕਈ ਕਈ ਚਿਰ ਸ੍ਰੀ ਹਰਿਮੰਦਰ ਸਾਹਿਬ ਦੀ ਰਾਤ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਵਿਚ ਸ਼ਾਮਲ ਹੋਣਾ।

ਜਿਥੇ ਭਾਈ ਧਰਮ ਬੀਰ ਸਿੰਘ ਨੂੰ ਕੀਰਤਨ ਸੁਣਨ ਦਾ ਚਾਅ ਸੀ ਉਥੇ ਕੀਰਤਨ ਸਿਖਣ ਦਾ ਵੀ ਬੜਾ ਉਮਾਹ ਸੀ। ਵਾਜਾ ਤੇ ਜੋੜੀ ਦੋਹਾਂ ਦੀ ਸਿਖਲਾਈ ਕਰਦਾ ਰਹਿੰਦਾ ਸੀ ਅਤੇ ਹੁਣ ਦਿਲਰੁਬਾ ਵੀ ਸਿਖਣੀ ਅਰੰਭੀ ਸੀ। ਦਿਲਰੁਬਾ ਦੇ ਨਾਲ ਗਾਇਨ ਕੀਤਾ ਹੋਇਆ ਉਸ ਦਾ ਇਕ ਸ਼ਬਦ ਟਪ-ਰੀਕਾਰਡ ਕੀਤਾ ਹੋਇਆ ਉਨ੍ਹਾਂ ਦੇ ਘਰ ਮੌਜੂਦ ਹੈ ਅਤੇ ਉਹ ਸ਼ਬਦ ਹੈ—

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥ ਕ੍ਰਿਪਾ ਕਟਾਖ੍ਹ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥ ਹਰਿ ਜਨ ਰਾਖੇ ਗੁਰ ਗੋਬਿੰਦ ॥ ਕੰਠ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥ ਜੋ ਮਾਗਹਿ ਠਾਕੁਰ ਆਪਨੇ ਤੇ ਸੋਈ ਸੋਈ ਦੇਵੈ ॥ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥

ਕਿਰਪਾਨਾਂ ਦਾ ਕੰਮ ਚਾਲੂ ਕਰਨ ਤੇ ਭਾਈ ਧਰਮਬੀਰ ਸਿੰਘ ਪਾਸ ਗੁਰਸਿਖਾਂ ਦਾ ਆਉਣ ਜਾਣ ਕਾਫੀ ਵਧ ਗਿਆ ਸੀ। ਆਪ ਗੁਰਸਿਖਾਂ ਨਾਲ ਪਿਆਰ ਵੀ ਬਹੁਤ ਕਰਦੇ ਸਨ ਅਤੇ ਆਏ ਗਏ ਗੁਰਸਿਖਾਂ ਦੀ ਸੇਵਾ ਵੀ ਤਨੋਂ ਮਨੋਂ ਕਰਦੇ ਸਨ। ਜਿਸ ਕਿਸੇ ਗੁਰਸਿਖ ਨੂੰ ਮਾਇਕ ਲੋੜ ਪੈਣੀ ਤਾਂ ਕਈ ਵਾਰ ਆਪਣੀ ਵਿਤ ਤੋਂ ਵੀ ਵਧ ਉਸ ਦੀ ਮਾਇਕ ਸਹਾਇਤਾ ਕਰਨੀ ਅਤੇ ਉਸ ਪਾਸੋਂ ਮੁੜ ਕਦੇ ਵੀ ਵਾਪਸ ਨਾ ਮੰਗਣੀ, ਭਾਵੇਂ ਆਪਣੇ ਘਰ ਦਾ ਗੁਜ਼ਾਰਾ ਤੰਗੀ ਨਾਲ ਵੀ ਕਰਨਾ ਪੈ ਜਾਂਦਾ।

ਭਾਈ ਧਰਮਬੀਰ ਸਿੰਘ ਜੀ ਦਾ ਭਾਈ ਫੌਜਾ ਸਿੰਘ ਜੀ ਨਾਲ ਮੇਲ-ਮਿਲਾਪ ਦਿਨ ਬ ਦਿਨ ਵਧਦਾ ਰਿਹਾ ਅਤੇ ਗੁਰੂ ਪਾਤਸ਼ਾਹ ਜੀ ਨਮਿਤ ਕੀਤੇ ਜਾਣ



www.AKJ.Org

# ਸ਼ਹੀਦ ਜੱਥੇਦਾਰ ਰਣਬੀਰ ਸਿੰਘ ਜੀ ਫ਼ੌਜੀ, ਮਹਿਤਾ

[ਵਲੋਂ—ਭਾਈ ਸਾਹਿਬ ਅਮਰੀਕ ਸਿੰਘ ਜੀ, ਮਹਿਤਾ]

ਜਥੇਦਾਰ ਰਣਬੀਰ ਸਿੰਘ ਜੀ ਦਾ ਜਨਮ ਸਤੰਬਰ ੧੯੨੯ ਈ: ਵਿਚ ਜਥੇਦਾਰ ਕਾਲਾ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਹੋਇਆ। ਸ: ਕਾਲਾ ਸਿੰਘ ਜੀ ਪਿੰਡ ਥਰਾਜ ਜ਼ਿਲ੍ਹਾ ਫਰੀਦਕੋਟ ਵਿਚ ਵਾਹੀ ਦਾ ਕੰਮ ਕਰਦੇ ਸਨ। ਜੈਤੋ ਦੇ ਮੋਰਚੇ ਸਮੇਂ ੧੪ ਸਾਲ ਦੀ ਕੈਦ ਹੋਈ, ਜਿਸ ਵਿਚੋਂ ੫ ਸਾਲ ਕੱਟੀ। ਸ: ਭਗਤ ਸਿੰਘ ਦੀ ਨੌਜੁਆਨ ਸਭਾ ਵਿਚ ਵੀ ਕੰਮ ਕੀਤਾ। ਮਾਤਾ ਵੀ ਜੈਤੋ ਵਾਲੇ ਮੋਰਚੇ ਵਿਚ ਨਾਲ ਸੀ।

੬ ਸਾਲ ਦੀ ਉਮਰ ਤੋਂ ਹੀ ਭਾਈ ਰਣਬੀਰ ਸਿੰਘ ਅੰਮ੍ਰਿਤਧਾਰੀ ਬਣ ਗਿਆ। ਮੁੱਢਲੀ ਵਿਦਿਆ ਪ੍ਰਾਪਤ ਕਰਨ ਉਪਰੰਤ ਫ਼ੌਜ ਦੀ ਨੌਕਰੀ ਕਰ ਲਈ। ਪੰਜ ਬਾਣੀਆਂ ਅਤੇ ਸੁਖਮਨੀ ਸਾਹਿਬ ਜ਼ਬਾਨੀ ਯਾਦ ਸਨ। ਪੰਜ ਗ੍ਰੰਥੀ ਦਾ ਨਿੱਤਨੇਮੀ ਸੀ। ਫ਼ੌਜ ਵਿਚ ਵੀ ਧਾਰਮਿਕ ਸਰਗਰਮੀਆਂ ਵਿਚ ਮੁਖੀ ਹੁੰਦਾ ਸੀ।

੨੦ ਸਾਲ ਫ਼ੌਜ ਦੀ ਨੌਕਰੀ ਕਰਨ ਉਪਰੰਤ ਹੌਲਦਾਰੀ ਪੈਨਸ਼ਨ ਲੈ ਕੇ ਸੰਤ ਕਰਤਾਰ ਸਿੰਘ ਜੀ ਖਾਲਸਾ ਜੱਥਾ ਭਿੰਡਰਾਂ ਮਹਿਤਾ ਦੇ ਨਾਲ ਆ ਰਲੇ। ਮਨ ਦੀ ਮਜ਼ਬੂਤੀ ਤੇ ਦ੍ਰਿੜ੍ਹਤਾ ਦੇ ਕਾਰਨ ਹੀ ਸੰਤਾਂ ਨੇ ਮਹਿਤਾ ਗੁਰਦੁਆਰਾ ਦੀ ਉਸਾਰੀ ਲਈ ਆਪ ਨੂੰ ਜਥੇਦਾਰ ਬਣਾਇਆ ਹੋਇਆ ਸੀ। ਆਪ ਨੇ ਮਾਸਿਕ ਪੈਨਸ਼ਨ ਅਤੇ ਆਪਣਾ ਟਰੈਕਟਰ ਟਰਾਲੀ ਵੇਚ ਕੇ ਵੀ ਸੇਵਾ ਵਿਚ ਹੀ ਲਾ ਦਿਤਾ।

ਘੁਮਾਣ, ਮਹਿਤਾ, ਕਾਦੀਆਂ ਅਤੇ ਅੰਮ੍ਰਿਤਸਰ ਵਿਖੇ ਪਖੰਡੀ ਗੁਰੂਆਂ ਵਿਰੁਧ ਲਗੇ ਮੋਰਚਿਆਂ ਵਿਚ ਫੌਜੀ ਜੀ ਜਥੇਦਾਰ ਸਨ। ਗੁਰੂ-ਨਿੰਦਕਾਂ ਵਿਰੁੱਧ ਰੋਹ ਲੂੰ ਲੂੰ ਵਿਚ ਭਰਿਆ ਹੋਇਆ ਸੀ। ੧੩ ਅਪਰੈਲ ਦੀ ਵਿਸਾਖੀ ਵਾਲੇ ਦਿਨ ਹੋਰਨਾਂ ਵੀਰਾਂ ਵਾਂਗ ਆਪ ਵੀ ਸ਼ਾਂਤਮਈ ਢੰਗ ਨਾਲ ਸ਼ਹੀਦੀ ਪ੍ਰਾਪਤ ਕਰ ਗਏ।

ਇਸ ਸ਼ਹੀਦੀ ਸਾਕੇ ਤੋਂ ਦੋ ਦਿਨ ਪਹਿਲਾਂ ੧੧ ਅਪ੍ਰੈਲ ਨੂੰ ਭਾਈ ਰਣਬੀਰ ਸਿੰਘ ਜੀ ਸ੍ਰੀ ਗੋਇੰਦਵਾਲ ਸਾਹਿਬ ਪੁਜੇ ਅਤੇ ਉਥੇ ਬਾਉਲੀ ਸਾਹਿਬ ਵਿਖੇ ਪਉੜੀਆਂ ਤੇ ਚਉਰਾਸੀ ਪਾਠ ਕਰ ਕੇ ਸੱਚੇ ਪਾਤਸ਼ਾਹ ਜੀ ਪਾਸ ਇਉਂ ਅਰਦਾਸ ਕੀਤੀ ਕਿ ਹੇ ਸਚੇ ਪਾਤਸ਼ਾਹ, ਚੌਰਾਸੀ ਦਾ ਪਿਛਲਾ ਲੇਖਾ ਤਾਂ ਆਪ ਨੇ ਨਿਬੇੜ ਦਿਤਾ ਹੈ, ਹੁਣ ਕਿਰਪਾ ਕਰੋ ਤੇ ਇਸ ਨਿਮਾਣੇ ਸਰੀਰ ਨੂੰ ਆਪਣੇ ਲੇਖੇ ਲਾ ਲਵੋ ਤਾਂ ਜੁ ਕਿਧਰੇ ਅਗੋਂ ਕੋਈ ਨਵਾਂ ਲੇਖਾ ਨਾ ਸਿਰ ਚੜ੍ਹ ਜਾਵੇ। ਭਾਣੇ ਅੰਦਰ ਗੁਰੂ-ਦਰਬਾਰ ਵਿਚ ਇਨ੍ਹਾਂ ਦੀ ਇਹ ਅਰਦਾਸ ਪਰਵਾਨ ਹੋ ਗਈ।

---

[ਸਫ਼ਾ ੪੦ ਦੀ ਬਾਕੀ]

ਵਾਲੇ ਧਰਮ ਦੇ ਕਾਰਜਾਂ ਵਿਚ ਇਹ ਮੋਢੇ ਨਾਲ ਮੋਢਾ ਡਾਹ ਕੇ ਚਲਦਾ ਹੁੰਦਾ ਸੀ। ਕੁਝ ਚਿਰ ਪਹਿਲੋਂ ਜਦੋਂ ਗੁਰੂ ਕੇ ਮਹਿਲ ਅਤੇ ਟੋਭਾ ਭਾਈ ਸਾਲ੍ਹੋ ਜੀ ਵਿਖੇ ਕੁਝ ਸ਼ਰਾਰਤੀ ਅਨਸਰ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕੀਤੀ ਅਤੇ ਗੁਰੂ ਕੇ ਮਹਿਲ ਤੇ ਹਮਲਾ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਵੀ ਭਾਈ ਫੌਜਾ ਸਿੰਘ ਤੇ ਹੋਰਾਂ ਸਿੰਘਾਂ ਦੇ ਨਾਲ ਭਾਈ ਧਰਮਬੀਰ ਸਿੰਘ ਜੀ ਉਥੇ ਪੁਜੇ ਸਨ ਅਤੇ ਸ਼ਰਾਰਤੀ ਅਨਸਰ ਪਾਸੋਂ ਵਟੇ ਰੋੜੇ ਤੇਜ਼ਾਬ ਦੀਆਂ ਬੋਤਲਾਂ ਦੇ ਵਾਰ ਸਹਿ ਕੇ ਉਨ੍ਹਾਂ ਨੂੰ ਸਿੱਖੀ ਅਣਖ ਵਿਖਾ ਕੇ ਚਰ੍ਰਿਤ ਕਰ ਦਿਤਾ ਸੀ। ਉਸ ਕੇਸ ਵਿਚ ਸਿੰਘਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਅਤੇ ਭਾਈ ਧਰਮਬੀਰ ਸਿੰਘ ਨੇ ਵੀ ਤਿੰਨ ਕੁ ਮਹੀਨੇ ਸਿੰਘਾਂ ਦੇ ਨਾਲ ਜੇਲ੍ਹ ਕਟੀ।

ਹੁਣ ਵਿਸਾਖੀ ਦੇ ਇਸ ਖੂਨੀ ਸਾਕੇ ਵਿਚ ਵੀ ਇਹ ਸਾਢੇ ਪੰਜ ਫੁਟ ਦਾ ਬੀਰ-ਬਾਂਕੜਾ ਜੁਆਨ ਆਪਣੇ ਸਿੰਘ ਵੀਰਾਂ ਦੇ ਨਾਲ ਨਕਲੀ ਨਿਰੰਕਾਰੀਆਂ ਨੂੰ ਗੁਰੂ ਪਾਤਸ਼ਾਹ ਪ੍ਰਤੀ ਕੁਬੋਲ ਬੋਲਾਂ ਤੋਂ ਰੋਕਣ ਲਈ ਗਿਆ ਅਤੇ ਉਥੇ ਹੀ ਵੀਰਾਂ ਦੇ ਨਾਲ ਇਸ ਪੰਝੀ ਸਾਲ ਦੀ ਜੁਬਾ ਉਮਰ ਵਿਚ ਸ਼ਹੀਦੀਆਂ ਪ੍ਰਾਪਤ ਕਰ ਗਿਆ। ਦੋ ਚਾਰ ਮਹੀਨਿਆਂ ਨੂੰ ਪਰਵਾਰ ਨੇ ਬੱਚੇ ਦਾ ਅਨੰਦ ਕਾਰਜ ਰਖਿਆ ਹੋਇਆ ਸੀ, ਪਰ ਇਹ ਉਸ ਤੋਂ ਪਹਿਲਾਂ ਹੀ ਮੌਤ-ਲਾੜੀ ਨਾਲ ਅਨੰਦ ਰਚਾ ਕੇ ਗੁਰੂ ਚਰਨਾਂ ਵਿਚ ਜਾ ਬਿਰਾਜਿਆ ਹੈ।



www.AKJ.Org

# ਸ਼ਹੀਦ ਬਾਬਾ ਦਰਸ਼ਨ ਸਿੰਘ ਜੀ, ਮਹਿਤਾ

ਬਾਬਾ ਦਰਸ਼ਨ ਸਿੰਘ ਜੀ ਦਾ ਜਨਮ ਤਸੀਲ ਬਟਾਲਾ ਵਿਖੇ ਪਿੰਡ ਨਵਾਂ ਵੈਰੋ ਨੰਗਲ ਸ: ਅੱਛਰ ਸਿੰਘ ਜੀ ਦੇ ਗ੍ਰਿਹ ਵਿਖੇ ਹੋਇਆ। ਸ਼ਹੀਦੀ ਸਮੇਂ ਆਪ ਜੀ ਦੀ ਉਮਰ ੬੫ ਤੇ ੭੦ ਸਾਲ ਦੇ ਦਰਮਿਆਨ ਸੀ। ਬਚਪਨ ਤੋਂ ਹੀ ਆਪ ਦੀਆਂ ਰੁਚੀਆਂ ਧਾਰਮਕ ਸਨ। ਆਪ ਦੇ ਮਾਤਾ ਪਿਤਾ ਅੰਮ੍ਰਿਤਧਾਰੀ ਸਨ ਅਤੇ ਆਪ ਨੇ ਵੀ ਦਸ ਸਾਲ ਦੀ ਉਮਰ ਵਿਚ ਅੰਮ੍ਰਿਤ ਛਕ ਲਿਆ। ਚਾਹੇ ਆਪ ਨੇ ਸਕੂਲੀ ਵਿਦਿਆ ਤਾਂ ਕੋਈ ਖ਼ਾਸ ਨਹੀਂ ਪ੍ਰਾਪਤ ਕੀਤੀ, ਪਰ ਆਪ ਜੀ ਗੁਰਮਤਿ ਵਿਦਿਆ ਵਿਚ ਪਰਬੀਨ ਸਨ। ਆਪ ਜੀ ਨਿਤਨੇਮੀ ਤੇ ਤਕੜੇ ਅਖੰਡਪਾਠੀ ਸਨ। ਪੰਜਾਂ ਬਾਣੀਆਂ ਤੋਂ ਇਲਾਵਾ ਆਸਾ ਦੀ ਵਾਰ ਅਤੇ ਸੁਖਮਨੀ ਸਾਹਿਬ ਵੀ ਆਪ ਦਾ ਨਿਤਨੇਮ ਸੀ। ਆਪ ਜੀ ਨੇ ਸਾਰੀ ਉਮਰ ਸ਼ਾਦੀ ਨਹੀਂ ਕਰਾਈ।

ਆਪ ਜੀ ਚੇਲੇਆਣੇ ਸਾਹਿਬ ਵੀਹ ਸਾਲ ਰਹੇ ਅਤੇ ਉਥੋਂ ਦੇ ਸ਼ਹੀਦੀ ਸਾਕੇ ਵਿਚ ਆਪ ਸ਼ਾਮਲ ਸਨ। ਚੇਲੇਆਣੇ ਸਾਕੇ ਵਿਚ "ਸੁਤੰਤਰਤਾ ਸੰਗਰਾਮੀ" ਪੈਨਸ਼ਨ ਦੋ ਸੌ ਰੁਪੈ ਮਹੀਨਾ ਇਨ੍ਹਾਂ ਨੂੰ ਮਿਲਦੀ ਰਹੀ। ਇਸ ਸਾਕੇ ਤੋਂ ਬਾਅਦ ਸ਼ਹੀਦ ਸਿੰਘਾਂ ਨਮਿਤ ਇਸ ਅਸਥਾਨ ਤੇ ੧੦੧ ਸ੍ਰੀ ਅਖੰਡ ਪਾਠਾਂ ਵਿਚ ਇਹ ਸੇਵਾ ਕਰਦੇ ਰਹੇ। ਉਪਰੰਤ ੨੦੨ ਸ੍ਰੀ ਅਖੰਡਪਾਠ ਇਨ੍ਹਾਂ ਸ਼ਹੀਦ ਸਿੰਘਾਂ ਨਮਿਤ ਪਿੰਡ ਕਾਲੇਕੇ ਰਖੇ ਗਏ। ਆਪ ਜੀ ਡੇਢ ਕੁ ਸਾਲ ਉਥੇ ਰਹਿ ਕੇ ਸ੍ਰੀ ਅਖੰਡਪਾਠਾਂ ਦੀ ਸੇਵਾ ਕਰਦੇ ਰਹੇ।

ਉਪਰੰਤ ਆਪ ਜੀ ਆਪਣੇ ਨਵੇਂ ਵੈਰੋਨੰਗਲ ਦੇ ਨਾਲ ਵੈਰੋਨੰਗਲ ਵਿਚ ਛੇਵੇਂ ਪਾਤਸ਼ਾਹ ਦੇ ਇਤਿਹਾਸਕ ਅਸਥਾਨ ਗੁਰਦੁਆਰਾ "ਗੁਰੁਆਣਾ ਸਾਹਿਬ" ਵਿਖੇ ਆ ਟਿਕੇ। ਇਥ ਆਪ ਜੀ ਨੇ ਗ੍ਰੰਥੀ ਰਹਿ ਕੇ ਬੜੀ ਸੇਵਾ ਕੀਤੀ ਅਤੇ ਕਈਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿਖਾ ਕੇ ਅਖੰਡਪਾਠੀ ਬਣਾਇਆ। ਗੁਰਦੁਆਰਾ ਸਾਹਿਬ ਦੀ ਜ਼ਮੀਨ ਦੀ ਸੰਭਾਲ ਕਰਦਿਆਂ ਹੋਇਆਂ ਇਕ ਅੰਬਾਂ ਦਾ ਬਾਗ ਲਾਇਆ। ਆਪ ਬਿਬੇਕ ਦਾ ਪਰਸ਼ਾਦਾ ਆਪਣੀ ਹਥੀਂ ਤਿਆਰ ਕਰ ਕੇ ਛਕਦੇ ਹੁੰਦੇ ਸਨ। ਆਪ ਸਰਬ ਲੋਹ ਦਾ ਸਿਮਰਨਾ ਸਦਾ ਹੱਥ ਵਿਚ ਰਖਦੇ ਸਨ।

ਨੌਂ ਦਸ ਸਾਲ ਗੁਰਦੁਆਰਾ ਗੁਰੁਆਣਾ ਸਾਹਿਬ ਵਿਖੇ ਸੇਵਾ ਕਰ ਕੇ ਆਪ ਜੀ ਡੇਰਾ ਮਹਿਤਾ ਵਿਖੇ ਆ ਟਿਕੇ। ਇਥੇ ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਆਪ ਨੂੰ ਡੇਰੇ ਦੀ ਜ਼ਮੀਨ ਦਾ ਜੱਥੇਦਾਰ ਥਾਪ ਦਿਤਾ। ਆਪ ਜੀ ਤਨ ਮਨ ਤੇ ਧਨ ਨਾਲ ਇਹ ਸੇਵਾ ਆਖ਼ਰੀ ਦਮ ਤਕ ਨਿਭਾਂਦੇ ਰਹੇ। ਆਪ ਜੀ ਵਾਹੀ ਦਾ ਕੰਮ ਬੜੀ ਲਗਨ ਨਾਲ ਕਰਦੇ ਸਨ ਅਤੇ ਆਪਣਾ ਡੇਰਾ ਬਾਹਰ ਬੰਬੀ ਉਤੇ ਹੀ ਰਖਦੇ ਸਨ। ਅਤੇ ਆਪ ਜੀ ਆਪਣੀ ਪੈਨਸ਼ਨ ਡੇਰੇ ਨੂੰ ਦੇ ਦੇਂਦੇ ਸਨ।

---

# 'ਸੂਰਾ' ਦਸੰਬਰ ੧੯੭੭ ਵਿਚ ਸੋਧ

ਇਤਲਾਹ ਮਿਲੀ ਹੈ ਕਿ ਵੈਨਕੋਵਰ ਗੁਰਦੁਆਰਾ ਸਾਹਿਬ ਵਿਖੇ ਜਾਣ ਵਾਲੇ ਸਜਣ ਨਾ ਹੀ ਜੁੱਤੀਆਂ ਪਾ ਕੇ ਜਾਂਦੇ ਹਨ ਅਤੇ ਨਾ ਹੀ ਕੁਰਸੀਆਂ ਤੇ ਬੈਠਦੇ ਹਨ। ਸਗੋਂ ਨੰਗੇ ਸਿਰ ਆਉਣ ਵਾਲੇ ਸਜਣਾਂ ਨੂੰ ਸ਼ਰੋਮਣੀ ਕਮੇਟੀ ਵਲੋਂ ਮਤਾ ਕਰ ਕੇ ਭੇਜਿਆ ਗਿਆ ਹੈ ਕਿ ਉਹ ਭੁਲੜ ਵੀਰ ਗੁਰਦੁਆਰਾ ਸਾਹਿਬ ਵਿਖੇ ਸਿਰ ਢੱਕ ਕੇ ਆਉਣ।

ਪਾਠਕ, ਸੂਰਾ ਦਸੰਬਰ ੧੯੭੭ ਦੇ ਪੰਨਾ ੨੭-੨੮ ਤੇ ਛਪੇ ਲੇਖ ਵਿਚ ਉਪਰੋਕਤ ਸੋਧ ਕਰ ਲੈਣ। ਅਸੀਂ ਗ਼ਲਤ ਲਿਖਤ ਲਈ ਖਿਮਾ ਦੇ ਜਾਚਕ ਹਾਂ।

ਦਾਸਰੇ 'ਸੂਰਾ' ਪਰਵਾਰ



www.AKJ.Org

# ਨਕਲੀ ਨਿਰੰਕਾਰੀ ਆਗੂ ਝੂਠ ਦਾ ਇਕ ਪਲੰਦਾ ਹੈ

ਨਕਲੀ ਨਿਰੰਕਾਰੀ ਗੁਰਬਚਨ ਸਿੰਹੁ ਨੇ ਝੂਠ, ਮੱਕਰ, ਫ਼ਰੇਬ, ਤੇ ਛਲ ਕਪਟ ਨੂੰ ਹੀ ਆਪਣਾ ਧਰਮ ਈਮਾਨ ਸਮਝਿਆ ਹੋਇਆ ਹੈ ਅਤੇ ਪੈਰ ਪੈਰ ਤੇ ਪੈਂਤੜੇ ਬਦਲਦਾ ਹੈ। ਕੁਕਰਮਾਂ ਤੋਂ ਭੈਭੀਤ ਹੋ ਕੇ ਆਪਣੀ ਜਾਨ ਬਚਾਣ ਲਈ ਤਰਲੇ ਲੈ ਰਿਹਾ ਹੈ, ਜਿਨ੍ਹਾਂ ਤੋਂ ਇਹ ਗੁਰੂ-ਡੰਮ-ਸ਼ਕਤੀ ਦਾ ਪਾਜ ਲੋਕਾਂ ਸਾਹਮਣੇ ਆ ਗਿਆ ਹੈ। ਇਕੇ ਤਾਂ ਕਹਿੰਦਾ ਸੀ ਕਿ ਮੈਂ ਗ੍ਰਿਫਤਾਰੀ ਤੋਂ ਨਹੀਂ ਡਰਦਾ, ਮੈਂ ਗ੍ਰਿਫਤਾਰੀ ਆਪ ਦਿਆਂਗਾ, ਪਰ ਹੁਣ ਗ੍ਰਿਫਤਾਰੀ ਤੋਂ ਡਰਦਾ ਬਾਥ-ਰੂਮਾਂ ਵਿਚ ਲੁਕਦਾ ਫਿਰਦਾ ਹੈ। ਇਕੇ ਕਹਿੰਦਾ ਸੀ ਕਿ ਮੈਂ ਆਪਣੀ ਜ਼ਮਾਨਤ ਨਹੀਂ ਕਰਾਉਣੀ ਤੇ ਹੁਣ ਅਦਾਲਤਾਂ ਵਿਚ ਜ਼ਮਾਨਤ ਲਈ ਲੇਲ੍ਹੜੀਆਂ ਕਢਦਾ ਫਿਰਦਾ ਹੈ। ਜ਼ਮਾਨਤ ਦੀ ਦਰਖਾਸਤ ਵਿਚ ਕੋਰਾ ਝੂਠ ਇਹ ਬੋਲਿਆ ਕਿ ਖ਼ੂਨੀ ਸਾਕਾ ਵਰਤਣ ਸਮੇਂ ਤਾਂ ਮੈਂ ਉਥੇ ਹਾਜ਼ਰ ਹੀ ਨਹੀਂ ਸੀ, ਜਦ ਕਿ ਸੱਚ ਇਹ ਹੈ ਕਿ ਇਹ ਦੁਖਾਂਤ ਇਸ ਦੇ ਹੁਕਮ ਨਾਲ ਇਸ ਦੀ ਮੌਜੂਦਗੀ ਵਿਚ ਵਰਤਿਆ।

# ਸੰਤ ਲੌਂਗੋਵਾਲ ਦੇ ਦਸਖ਼ਤਾਂ ਹੇਠ ਜਾਅਲੀ ਚਿਠੀ ਦਾ ਫ਼ਰਾਡ

ਨਕਲੀ ਨਿਰੰਕਾਰੀ ਆਗੂ ਵਲੋਂ ਸੰਤਾਂ ਦੇ ਨਾਂ ਹੇਠ ਘੜੀ ਗਈ ਇਕ ਜਾਹਲੀ ਚਿਠੀ ਜੋ ਛਾਪੀ ਗਈ ਹੈ, ਉਸ ਦੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਪੁਰ-ਜ਼ੋਰ ਤਰਦੀਦ ਕਰ ਕੇ ਇਨ੍ਹਾਂ ਦੇ ਝੂਠ ਦਾ ਪਰਦਾ ਫ਼ਾਸ਼ ਕੀਤਾ ਹੈ। "ਅਜੀਤ" ਜਲੰਧਰ ੧੨ ਮਈ ੧੯੭੮ ਵਿਚ ਇਉਂ ਛਪਿਆ ਹੈ–

ਜਲੰਧਰ, 11 ਮਈ–ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਵਿਸ਼ੇਸ਼ ਇੰਟਰਵਿਊ ਵਿਚ ਕਿਹਾ ਹੈ ਕਿ ਉਨ੍ਹਾਂ ਦੇ ਨਾਮ ਨਾਲ ਇਕ ਚਿਠੀ ਲਗਾ ਕੇ ਇਕ ਮਹਾਸ਼ਾ ਅਖਬਾਰ ਵਿਚ ਛਾਪੀ ਗਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਉਹਨਾਂ ਨੇ ਨਿਰੰਕਾਰੀ ਗੁਰਬਚਨ ਸਿੰਘ ਤੋਂ ਚੋਣਾਂ ਵਿਚ ਮਦਦ ਮੰਗੀ ਸੀ ਤੇ ਉਹਨਾਂ ਨੇ ਗੁਰਬਚਨ ਸਿੰਘ ਨੂੰ ਅਜਿਹੇ ਸ਼ਬਦਾਂ ਨਾਲ ਲਿਖਿਆ ਜਿਸ ਦੀ ਇਕ ਗੁਰਸਿਖ ਪਾਸੋਂ ਆਸ ਨਹੀਂ ਕੀਤੀ ਜਾ ਸਕਦੀ। ਸੰਤਾਂ ਨੇ ਕਿਹਾ ਕਿ ਇਹ ਪਤਰ ਅੰਗਰੇਜ਼ੀ ਵਿਚ ਛਪਿਆ, ਜਦ ਕਿ ਉਹ ਅੰਗਰੇਜ਼ੀ ਨਹੀਂ ਜਾਣਦੇ ਤੇ ਉਹਨਾਂ ਨੇ ਕਦੀ ਪਤਰ ਗੁਰਬਚਨ ਸਿੰਘ ਨੂੰ ਲਿਖਿਆ ਹੀ ਨਹੀਂ। ਫਿਰ ਇਸ ਪਤਰ ਤੇ ਦਸਤਖਤ ਪੰਜਾਬੀ ਵਿਚ ਦਿਖਾਏ ਗਏ ਹਨ। ਇਸ ਲਈ ਉਹ ਇਹ ਕਹਿ ਸਕਦੇ ਹਨ ਕਿ ਇਹ ਚਿਠੀ ਬਿਲਕੁਲ ਗਲਤ ਹੈ। ਸੰਤ ਜੀ ਨੇ ਕਿਹਾ ਕਿ ਗੁਰਬਚਨ ਸਿੰਘ ਦਾ ਵਿਰੋਧ ਤਾਂ ਉਹਨਾਂ ਨੇ ਲੌਂਗੋਵਾਲ ਤੋਂ ਹੀ ਸ਼ੁਰੂ ਕੀਤਾ ਸੀ। ਗੁਰਬਚਨ ਸਿੰਘ ਲੌਂਗੋਵਾਲ ਵਿਚ ਸਮਾਰੋਹ ਕਰਨਾ ਚਾਹੁੰਦਾ ਸੀ, ਮਗਰ ਉਹ ਅਜਿਹਾ ਨਾ ਕਰ ਸਕਿਆ। ਇਸ ਲਈ ਜਿਸ ਵਿਅਕਤੀ ਨੂੰ ਉਹ ਸਿਖੀ ਲਈ ਖਤਰਾ ਸਮਝਦੇ ਹੋਣ, ਉਸ ਤੋਂ ਮਦਦ ਮੰਗਣ ਦਾ ਸੁਆਲ ਹੀ ਨਹੀਂ।

# ਲਖਾਂ ਰੁਪਿਆਂ ਦਾ 'ਰਣਬੀਰ' 'ਮਿਲਾਪ' ਨੂੰ ਲਾਲਚ

ਭਾਰਤ ਦੇ ਪਰਸਿਧ ਪਤਰਕਾਰ ਤੇ ਆਰੀਆ ਸਮਾਜੀ ਅਖਬਾਰ ਮਿਲਾਪ ਦੇ ਐਡੀਟਰ ਸ੍ਰੀ ਰਣਬੀਰ ਨੇ ਨਿਰੰਕਾਰੀਆਂ ਬਾਰੇ ਠੀਕ ਹੀ ਲਿਖਿਆ ਹੈ ਕਿ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਕੋਲ ਚਾਲੀ ਹਜ਼ਾਰ ਬਾ-ਵਰਦੀ ਫ਼ੌਜ ਹੈ, ਜੋ ਹਰ ਤਰ੍ਹਾਂ ਦੇ ਹਥਿਆਰਾਂ ਨਾਲ ਲੈਸ ਹੈ। ਉਨ੍ਹਾਂ ਨੇ ਇਹ ਵੀ ਦਸਿਆ ਕਿ ਪਿਛਲੇ ਦਿਨੀਂ ਮੇਰੇ ਕੋਲ ਕੁਝ ਨਿਰੰਕਾਰੀਆਂ ਦੇ ਬੰਦੇ ਆਏ ਤੇ ਚੰਦਿਆਂ ਦੀ ਸ਼ਕਲ ਵਿਚ ਤਿੰਨ ਲਖ ਦੀ ਪੇਸ਼ਕਸ਼ ਕਰਦੇ ਹੋਏ ਕਹਿਣ ਲਗੇ ਕਿ ਸਾਡੇ ਧਰਮ ਦਾ ਪਰਚਾਰ ਕਰੋ। ਮੈਂ ਉਨ੍ਹਾਂ ਦੇ ਮੂੰਹ ਤੇ ਹੀ ਕਿਹਾ ਕਿ ਤੁਹਾਡਾ ਟੋਲਾ ਵਾਮ-ਮਾਰਗੀਆਂ ਵਰਗਾ ਟੋਲਾ ਹੈ, ਜਿਸ ਕੋਲੋਂ ਦੇਸ਼ ਤੇ ਕੌਮ ਨੂੰ ਖ਼ਤਰਾ ਹੈ। ਮੈਂ ਇਸ ਟੋਲੇ ਦਾ ਕਿਵੇਂ ਪਰਚਾਰ ਕਰ ਸਕਦਾ ਹਾਂ।

www.AKJ.Org

# ਵੈਸਾਖੀ ਦੇ ਖ਼ੂਨੀ ਸਾਕੇ ਦੇ ਫਟੜ

੧੩ ਅਪ੍ਰੈਲ ਵੈਸਾਖੀ ਦੇ ਖ਼ੂਨੀ ਕਾਂਡ ਵਿਚ ਸ਼ਹੀਦ ਹੋਏ ੧੩ ਸਿੰਘਾਂ ਤੋਂ ਇਲਾਵਾ ੭੦–੭੫ ਦੇ ਕਰੀਬ ਸਿੰਘ, ਹਤਿਆਰੇ ਨਕਲੀ ਨਿਰੰਕਾਰੀਆਂ ਦੀਆਂ ਗੋਲੀਆਂ, ਕਿਰਪਾਨਾਂ, ਤੀਰਾਂ ਤੇ ਡਾਂਗਾਂ ਨਾਲ ਫਟੜ ਹੋਏ, ਜਿਨ੍ਹਾਂ ਵਿਚੋ ਬਹੁਤ ਬੁਰੀ ਤਰ੍ਹਾਂ ਫਟੜ ਹੋਇਆਂ ਦੀ ਲਿਸਟ ਹੇਠ ਦਿਤੀ ਜਾਂਦੀ ਹੈ–

੧. ਸ: ਰਾਜਿੰਦਰ ਸਿੰਘ ਸਪੁਤਰ ਸ: ਸਵਰਨ ਸਿੰਘ, ਪਿੰਡ ਸਰਸਪੁਰਾ, ਡਾ: ਭੂਮਲੀ (ਗੁਰਦਾਸਪੁਰ)।
੨. ਸ: ਹਰਨਾਮ ਸਿੰਘ ਸਪੁਤਰ ਸ: ਪਾਲ ਸਿੰਘ, ਪਿੰਡ ਤੇ ਡਾ: ਭੂਰਾ ਕੋਹਨਾ ਤਸੀਲ ਪਟੀ (ਅੰਮ੍ਰਿਤਸਰ)।
੩. ਸ: ਭਗਵਾਨ ਸਿੰਘ ਸਪੁਤਰ ਸ: ਇੰਦਰ ਸਿੰਘ, ਗੁਰੂ ਨਾਨਕ ਪੁਰਾ, ਗਲੀ ਨੰ: ੩, ਨੇੜੇ ਇਸਲਾਮਾਬਾਦ ਅੰਮ੍ਰਿਤਸਰ।
੪. ਸ: ਬਚਿਤਰ ਸਿੰਘ ਸਪੁਤਰ ਸ: ਚੰਨਣ ਸਿੰਘ, ਪਿੰਡ ਤੇ ਡਾ: ਠੱਠੀ ਖਾਰਾ (ਅੰਮ੍ਰਿਤਸਰ)।
੫. ਸ: ਇਕਬਾਲ ਸਿੰਘ ਸਪੁਤਰ ਸ: ਅਵਤਾਰ ਸਿੰਘ, ਪਿੰਡ ਤੇ ਡਾ: ਕੁਰਾਲਾ (ਹੁਸਿਆਰਪੁਰ)।
੬. ਗਿ: ਹਜ਼ਰਾ ਸਿੰਘ ਰੀਟਾ: ਡੀ. ਐਸ. ਪੀ. ਸਪੁਤਰ ਸ: ਕਿਸ਼ਨ ਸਿੰਘ, ਸਿਵਲ ਲਾਈਨ, ਗੁਰਦਾਸਪੁਰ।
੭. ਸ: ਗੁਰਦਿਆਲ ਸਿੰਘ ਸਪੁਤਰ ਸ: ਗੁਰਚਰਨ ਸਿੰਘ, ਗੁਰੂ ਅਰਜਨ ਦੇਵ ਨਗਰ, ਅੰਮ੍ਰਿਤਸਰ।
੮. ਸ: ਨਿੱਕਾ ਸਿੰਘ ਸਪੁਤਰ ਸ: ਸਵਾਈ ਸਿੰਘ, ਪਿੰਡ ਤੇ ਡਾ: ਧੀਰੇ ਮਾਜਰਾ (ਪਟਿਆਲਾ)।
੯. ਸ: ਗੁਰਬਚਨ ਸਿੰਘ ਸਪੁਤਰ ਸ: ਆਤਮਾ ਸਿੰਘ, ਪਿੰਡ ਤੇ ਡਾ: ਨੁਸ਼ਹਿਰਾ ਪਨੂੰਆਂ, ਤਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ।
੧੦. ਸ: ਅਮੋਲਕ ਸਿੰਘ ਸਪੁਤਰ ਸ: ਨਿਰੰਜਨ ਸਿੰਘ, ੪੪੩੩-ਰਣਜੀਤ ਪੁਰਾ, ਗਲੀ ਨੰ. ੪, ਅੰਮ੍ਰਿਤਸਰ।
੧੧. ਸ: ਮੋਹਰ ਸਿੰਘ ਸਪੁਤਰ ਸ੍ਰੀ ਲਛਮੀ ਚੰਦ, ਪਿੰਡ ਸੂਰਾ ਪਦਾ, ਡਾ: ਨੰਗਲ (ਅੰਮ੍ਰਿਤਸਰ)।
੧੨. ਸ: ਨਿਰਮਲ ਸਿੰਘ ਸਪੁਤਰ ਸ: ਸੂਰਤ ਸਿੰਘ, ਪਿੰਡ ਤੇ ਡਾ: ਮਿਆਣੀ ਭਗੂਪੁਰਾ (ਕਪੂਰਥਲਾ)।
੧੩. ਸ: ਗੁਰਦੀਪ ਸਿੰਘ ਸਪੁਤਰ ਸ: ਗੁਰਨਾਮ ਸਿੰਘ, ਪਿੰਡ ਤੇ ਡਾ: ਚੱਕਰ (ਲੁਧਿਆਣਾ)।
੧੪. ਸ: ਗੁਪਾਲ ਸਿੰਘ ਸਪੁਤਰ ਸ: ਸੂਬਾ ਸਿੰਘ, ਪਿੰਡ ਤੇ ਡਾ: ਮਹਿਤਾ (ਅੰਮ੍ਰਿਤਸਰ)।
੧੫. ਸ: ਮੰਗਲ ਸਿੰਘ ਸਪੁਤਰ ਸ: ਦਾਰਾ ਸਿੰਘ, ਪਿੰਡ ਤੇ ਡਾ: ਮੱਦੇ (ਅੰਮ੍ਰਿਤਸਰ)।
੧੬. ਸ: ਕੁਲਦੀਪ ਸਿੰਘ ਸਪੁਤਰ ਸ: ਬਚਨ ਸਿੰਘ, ਪਿੰਡ ਤੇ ਡਾ: ਮੁੱਛਲ (ਅੰਮ੍ਰਿਤਸਰ)।
੧੭. ਸ: ਪਰਗਟ ਸਿੰਘ ਸਪੁਤਰ ਸ: ਨਿਰੰਜਨ ਸਿੰਘ, ਪਿੰਡ ਤੇ ਡਾ: ਵਰਗਨਾ (ਅੰਮ੍ਰਿਤਸਰ)।
੧੮. ਸ: ਨਰਿੰਦਰ ਸਿੰਘ ਸਪੁਤਰ ਸ: ਚੰਨਣ ਸਿੰਘ, ਖਾਲਸਾ ਫਾਰਮ, ਡਾ: ਭਰਿਆਲ (ਗੁਰਦਾਸਪੁਰ)।
੧੯. ਸ: ਗੁਲਜ਼ਾਰ ਸਿੰਘ ਸਪੁਤਰ ਸ: ਸੋਹਣ ਸਿੰਘ, ਪਿੰਡ ਤੇ ਡਾ: ਰਲਾ (ਅੰਮ੍ਰਿਸਰ)।

---

**ਖਿਮਾ**–ਨਵੇਂ ਅਮਾਨਤੀ ਲਾਈਫ਼ ਮੈਂਬਰ ੧੪–੧੫ ਦੀਆਂ ਰਕਮਾਂ ਪੁਜੀਆਂ ਹੋਈਆਂ ਹਨ, ਪਰ ਕੰਮ ਦੀ ਬਹੁਲਤਾ ਕਰ ਕੇ ਐਤਕੀਂ ਐਫ. ਡੀਆਂ. ਨਹੀਂ ਬਣਵਾ ਸਕੇ।

**ਪਾਠਕ ਸਜਣੋ**–ਹਰ ਮਹੀਨੇ ਚੰਦੇ ਖ਼ਤਮ ਹੋਣ ਵਾਲੇ ਸਜਣਾਂ ਦੇ ਪਰਚਿਆਂ ਪਿਛੇ ਚੰਦਾ ਖ਼ਤਮ ਹੋਣ ਦੀ ਮੋਹਰ ਲਾਈ ਜਾਂਦੀ ਹੈ। ਮੋਹਰ ਵਾਲਾ ਪਰਚਾ ਪੁਜਣ ਸਾਰ ਹੀ ਚੰਦਾ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ। ਬਾਅਦ ਵਿਚ ਪਰਚਾ ਬੰਦ ਹੋ ਕੇ ਦੁਬਾਰਾ ਚਾਲੂ ਕਰਨ ਨਾਲ ਰਜਿਸਟਰਾਂ ਵਿਚ ਵਾਧੂ ਕਟ ਵਢ ਅਤੇ ਪ੍ਰੇਸ਼ਾਨੀ ਹੁੰਦੀ ਹੈ।

ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਚਿੱਟ ਨੰਬਰ ਜ਼ਰੂਰ ਦੇਵੋ ਜੀ।
ਤੁਹਾਡਾ ਚਿੱਟ ਨੰਬਰ ਹਰ ਪਰਚੇ ਤੇ ਐਡਰੈਸ ਦੇ ਪਹਿਲਾਂ ਲਿਖਿਆ ਹੁੰਦਾ ਹੈ।

www.AKJ.Org

# ਮੂਹ ਕਾਲੇ ਤਿਨ ਨਿੰਦਕਾਂ

[ਵਲੋਂ—ਸ: ਉਂਕਾਰ ਸਿੰਘ ਗਿਲ ਐਮ. ਏ., ਸੋਹੀਆਂ ਜ਼ਿਲਾ ਸੰਗਰੂਰ]

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥
ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ॥੪॥
ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥
ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥
ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾਂ ਨਰਕੇ ਘੋਰਿ ਪਵੰਨਿ ॥੬॥
[ਸੂਹੀ ਮਹਲਾ ੩, ਪੰਨਾ ੭੫੫

ਗੁਰਬਚਨ ਸਿੰਘ ਨਾਂ ਦੇ ਵਿਅਕਤੀ ਨੇ ਨਿਰੰਕਾਰੀ ਮਿਸ਼ਨ ਦੇ ਨਾਂ ਹੇਠ ਜੋ ਲੋਕ ਆਪਣੇ ਪੈਰੋਕਾਰ ਬਣਾਏ ਹਨ, ਇਨ੍ਹਾਂ ਦਾ ਨਿਰੰਕਾਰ ਨਾਨ ਦੂਰ ਦਾ ਵਾਸਤਾ ਵੀ ਨਹੀਂ ਹੈ । ਇਹ ਲੋਕ ਮੁਖੋਂ 'ਧੰਨ ਨਿਰੰਕਾਰ' ਤਾਂ ਜ਼ਰੂਰ ਉਚਾਰਦੇ ਹਨ ਪਰ ਇਨ੍ਹਾਂ ਦੇ ਜੀਵਨ ਵਿਚ ਨਿਰੰਕਾਰ ਦਾ ਮੁਸ਼ਕ ਤਕ ਨਹੀਂ, ਸਗੋਂ ਇਸ ਦੇ ਉਲਟ ਇਹਨਾਂ ਦੇ ਜੀਵਨ ਪੂਰਨ ਤੌਰ ਤੇ ਵਿਸ਼ੇ ਵਿਕਾਰਾਂ ਨਾਲ ਭਰਪੂਰ ਹਨ,ਕਿਉਂਕਿ ਇਨ੍ਹਾਂ ਦਾ ਆਗੂ ਇਨ੍ਹਾਂ ਨੂੰ ਕਿਸੇ ਦੁਰਾਚਾਰ ਤੋਂ ਜਾਂ ਵਿਭਚਾਰ ਤੋਂ ਮਨ੍ਹਾ ਨਹੀਂ ਕਰਦਾ। ਨਿਰੰਕਾਰੀ ਭਵਨਾਂ ਦੇ ਨਾਂ ਹੇਠ ਇਨ੍ਹਾਂ ਨੇ ਅਯਾਸ਼ੀ ਦੇ ਅੱਡੇ ਬਣਾਏ ਹਨ, ਜਿਥੇ ਵਿਸ਼ੇ-ਵਿਕਾਰਾਂ ਵਿਚ ਤਪਦੇ ਮੁੰਡੇ ਕੁੜੀਆਂ ਧਰਮ ਦੇ ਨਾਂ ਹੇਠ ਕੁਝ ਘੰਟੇ ਲਈ ਮੌਜ ਮੇਲਾ ਕਰਦੇ ਹਨ। ਸ਼ਰਾਬ ਮਾਸ ਤੋਂ ਲੈ ਕੇ ਹਰ ਤਰ੍ਹਾਂ ਦੀ ਬਦ-ਇਖ਼ਲਾਕੀ ਦੀਆਂ ਗੱਲਾਂ ਇਨ੍ਹਾਂ ਵਿਚ ਜਾਇਜ਼ ਹਨ।

ਇਹ ਲੋਕ ਅਕਸਰ ਪਾਵਨ ਗੁਰਬਾਣੀ ਦੀਆਂ ਤੁਕਾਂ ਬੋਲ ਬੋਲ ਕੇ ਅਤੇ ਗੁਰਬਾਣੀ ਨੂੰ ਚੋਗੇ ਦੇ ਤੌਰ ਤੇ ਵਰਤ ਕੇ ਸਿੱਧੇ ਸਾਦੇ ਲੋਕਾਂ ਨੂੰ ਆਪਣੇ ਕੁਫ਼ਰ-ਜਾਲ ਵਿਚ ਫਸਾ ਲੈਂਦੇ ਹਨ। ਪਰ ਗੁਰਬਾਣੀ ਨਾਲ ਇਸ ਵਿਕਾਰੀ ਮਤ ਦਾ ਕੋਈ ਰਿਸ਼ਤਾ ਨਹੀਂ ਹੈ। ਗੁਰਬਾਣੀ ਦਾ ਉਪਦੇਸ਼ ਤਾਂ ਮਨ ਦੇ ਵਿਸ਼ੇ ਵਿਕਾਰਾਂ ਨੂੰ ਖ਼ਤਮ ਕਰਨਾ ਹੈ। ਕਿਉਂਕਿ ਜਿੰਨਾ ਚਿਰ ਮਨ ਵਿਕਾਰਾਂ ਵਿਚ ਫਸਿਆ ਹੋਇਆ ਹੈ, ਇਹ ਆਪਣੇ ਮੂਲ (ਨਿਰਾਕਾਰ) ਨੂੰ ਪਹਿਚਾਨਣ ਲਈ ਇਸਥਿਤ ਅਤੇ ਇਕਾਗਰ ਨਹੀਂ ਹੋ ਸਕਦਾ, ਇਸ ਲਈ ਗੁਰਬਾਣੀ ਉਹ ਚੀਜ਼ ਖਾਣ ਦੀ ਵੀ ਮਨਾਹੀ ਕਰਦੀ ਹੈ ਜਿਸ ਕਰਕੇ ਮਨ ਵਿਚ ਵਿਕਾਰ ਉਠਦੇ ਹੋਣ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
[ਸਿਰੀ ਰਾਗੁ ਮ: ੧, ਪੰਨਾ ੧੬

ਸੋ ਗੁਰਬਾਣੀ ਨਾਲ ਇਸ ਵਿਚਾਰਧਾਰਾ ਦਾ ਕੋਈ ਸੁਮੇਲ ਜਾਂ ਸਾਂਝ ਨਹੀਂ। ਇਨ੍ਹਾਂ ਦੀ ਵਿਚਾਰਧਾਰਾ ਹਿੰਦੁਸਤਾਨ ਦੇ ਇਕ ਪੁਰਾਤਨ ਮਤ 'ਵਾਮ ਮਾਰਗ' ਨਾਲ ਜ਼ਰੂਰ ਪੂਰੀ ਤਰ੍ਹਾਂ ਮਿਲਦੀ ਹੈ, ਜਿਸ ਨੂੰ ਭਾਰਤੀ ਦਰਸ਼ਨ ਵਿਚ ਬਹੁਤ ਨੀਵੇਂ ਪਧਰ ਦਾ ਮਤ ਸਮਝਿਆ ਜਾਂਦਾ ਹੈ ਅਤੇ ਜਿਸ ਦਾ ਹਿੰਦੁਸਤਾਨ ਵਿਚੋਂ ਤਕਰੀਬਨ ਖ਼ਾਤਮਾ ਹੀ ਹੋ ਚੁਕਿਆ ਹੈ। ਇਹ ਵਿਚਾਰਧਾਰਾ ਉਸੇ ਵਾਮ ਮਾਰਗ ਦਾ ਹੀ ਨਵਾਂ ਰੂਪ ਆਖੀ ਜਾ ਸਕਦੀ ਹੈ, ਕਿਉਂਕਿ ਵਾਮ ਮਾਰਗ ਵਿਚ ਵੀ ਮਾਸ, ਮੱਛੀ, ਮਦਰਾ, ਮੈਥਨ ਦੀ ਪ੍ਰਧਾਨਤਾ ਸੀ।

ਇਹ ਲੋਕ ਵਿਕਾਰਾਂ ਵਿਚ ਫਸ ਕੇ ਸਿਰਫ਼ ਆਪਣੇ ਜੀਵਨ ਨੂੰ ਵਿਅਰਥ ਬਣਾਉਣ ਤਕ ਹੀ ਸੀਮਤ ਨਹੀਂ, ਸਗੋਂ ਸਿਖੀ ਦੀ ਨਿੰਦਿਆ ਨੂੰ ਵੀ ਇਨ੍ਹਾਂ ਨੇ ਆਪਣਾ ਸ਼ੁਗਲ ਬਣਾਇਆ ਹੋਇਆ ਹੈ । ਇਹ ਕਾਗ-ਬਿਰਤੀ ਦੇ ਮਾਲਕ ਹਨ। ਜਿਵੇਂ ਕਾਂ ਦਾ ਸੁਭਾਅ ਗੰਦਗੀ ਫਰੋਲਣ ਅਤੇ ਰੌਲਾ ਪਾਉਣ ਦਾ ਹੈ, ਇਸੇ ਤਰ੍ਹਾਂ ਇਹ ਭੀ ਵਿਸ਼ੇ ਵਿਕਾਰਾਂ ਵਿਚ ਖੱਚਤ ਹੋ ਕੇ ਗੁਰਮੁਖ ਹੰਸਾਂ ਦੀ ਸ਼ਾਂਤ ਅਤੇ ਸਹਿਜ ਬਿਰਤੀ ਤੋਂ ਲਾਭ ਉਠਾ ਕੇ ਗੁਰਬਾਣੀ ਦੇ ਵਿਰੁਧ ਕਾਵਾਂ-ਰੌਲੀ ਪਾਉਂਦੇ ਰਹਿੰਦੇ ਹਨ। ਗਿਆਨ ਦੀ ਗੱਲ



www.AKJ.Org

ਕੋਈ ਇਹ ਜਾਣਦੇ ਨਹੀਂ। ਗੁਰਬਾਣੀ ਦੀ ਸਮਝ ਇਨ੍ਹਾਂ ਨੂੰ ਹੈ ਨਹੀਂ। ਜਿਵੇਂ ਇਨ੍ਹਾਂ ਨੂੰ ਗੁਰਬਾਣੀ ਦੀਆਂ ਤੁਕਾਂ ਗ਼ਲਤ ਅਰਥ ਬਣਾ ਕੇ ਸਮਝਾਈਆਂ ਜਾਂਦੀਆਂ ਹਨ ਉਹ ਉਸੇ ਤਰ੍ਹਾਂ ਦੁਹਰਾਉਂਦੇ ਰਹਿੰਦੇ ਹਨ। ਇਨ੍ਹਾਂ ਅਰਥਾਂ ਦਾ ਗਿਆਨ ਦੇ ਖੇਤਰ ਵਿਚ ਕੋਈ ਸਿਰ ਪੈਰ ਨਹੀਂ ਹੁੰਦਾ। ਇਹ ਗੁਰਬਾਣੀ ਨੂੰ ਸਮਝਣ ਦੇ ਭਾਵ ਨਾਲ ਨਹੀਂ, ਸਗੋਂ ਬੜੇ ਮਲੀਨ ਦ੍ਰਿਸ਼ਟੀਕੋਣ ਨੂੰ ਮੁਖ ਰਖਦਿਆਂ ਬੜੇ ਹੀ ਘਟੀਆ ਪਧਰ ਤੇ ਕੀਤੇ ਜਾਂਦੇ ਹਨ। ਜਿਵੇਂ ਇਸ ਤੁਕ "ਬੰਧਨ ਕਾਟਿ ਮਿਲਾਵੈ ਰਾਮ" ਦਾ ਅਰਥ ਇਹ ਇਸ ਤਰ੍ਹਾਂ ਕਰਦੇ ਹਨ ਕਿ ਅਸੀਂ ਸਿਖਾਂ ਦੇ ਪੰਜ ਕਕਾਰਾਂ ਦੇ ਅਤੇ ਬਾਕੀ ਖਾਲਸਾ ਰਹਿਤ ਬਹਿਤ ਦੇ ਬੰਧਨ ਕਟ ਕੇ ਉਨ੍ਹਾਂ ਨੂੰ ਰਾਮ ਨਾਲ ਮਿਲਾ ਦਿੰਦੇ ਹਾਂ। ਇਹ ਅਰਥ ਕੋਈ ਗੁਰਮੁਖ ਸੁਣਨ ਨੂੰ ਵੀ ਤਿਆਰ ਨਹੀਂ ਹੋਵੇਗਾ, ਕਿਉਂਕਿ ਜਿਨ੍ਹਾਂ ਨੂੰ ਇਹ ਵਿਕਾਰੀ ਲੋਕ ਬੰਧਨ ਸਮਝਦੇ ਹਨ, ਉਹ ਕਕਾਰ ਗੁਰਸਿਖਾਂ ਨੂੰ ਜਾਨ ਤੋਂ ਵੀ ਪਿਆਰੇ ਹਨ ਅਤੇ ਦੁਨਿਆਵੀ ਬੰਧਨ ਕਟਣ ਵਿਚ ਸਹਾਇਕ ਹੁੰਦੇ ਹਨ, ਉਹ ਬੰਧਨ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ) ਜਿਨ੍ਹਾਂ ਵਿਚ ਵਿਕਾਰੀ ਲੋਕ ਫਸ ਕੇ ਜਨਮਾਂ-ਜੋਨਾਂ ਵਿਚ ਭਟਕਦੇ ਹਨ। ਪਰ ਇਹ ਲੋਕ ਇਨ੍ਹਾਂ ਵਿਕਾਰਾਂ ਨੂੰ ਬੰਧਨ ਨਹੀਂ ਕਹਿਣਗੇ, ਕਿਉਂਕਿ ਗੁਰਸਿਖਾਂ ਨੂੰ ਜਿਵੇਂ ਕਕਾਰ ਪਿਆਰੇ ਹਨ, ਉਵੇਂ ਹੀ ਇਨ੍ਹਾਂ ਨੂੰ ਵਿਕਾਰ ਪਿਆਰੇ ਹਨ।

ਇਹ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਅਵਤਾਰ ਕਲਜੁਗਿ ਦੇ ਬੋਹਿਥ ਨੂੰ ਤਾਂ ਇਕ ਪੁਸਤਕ ਦਸਦੇ ਹਨ ਅਤੇ ਆਪਣੇ ਲੈਕਚਰਾਂ ਵਿਚ "ਕਾਗ਼ਜ਼ਾਂ ਦਾ ਪਲੰਦਾ" ਆਖਣ ਦੀ ਹਮਾਕਤ ਕਰਦੇ ਹਨ ਅਤੇ ਆਪਣੇ ਦੰਭੀ ਆਗੂ ਲਹੂ ਮਾਸ ਗੂੰਹ ਮੂਤਰ ਦੇ ਥੈਲੇ ਨੂੰ ਸਚਾ ਸਤਿਗੁਰੂ ਆਖਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਸਾਡਾ ਗੁਰੂ 'ਨਿਰੰਕਾਰ' ਵਿਖਾਉਂਦਾ ਹੈ। ਇਹ ਲੋਕ ਆਪ ਭਰਮ-ਜਾਲ ਦਾ ਸ਼ਿਕਾਰ ਹੋਏ ਵਏ ਹਨ, ਕਿਉਂਕਿ ਜਿਸ ਨੂੰ ਇਨ੍ਹਾਂ ਦਾ ਕੱਚਾ ਗੁਰੂ 'ਨਿਰੰਕਾਰ' ਆਖਦਾ ਹੈ, ਉਹ ਨਿਰੰਕਾਰ ਨਹੀਂ ਆਕਾਰ ਹੈ।

ਪੰਜ ਤਤਾਂ—ਮਿਟੀ, ਜਲ, ਪਉਣ, ਅਗਨੀ ਅਤੇ ਆਕਾਸ਼ ਵਿਚੋਂ ਪੰਜਵਾਂ ਤਤ ਆਕਾਸ਼ ਹੈ। ਇਹ ਉਹ ਨਿਰੰਕਾਰ ਨਹੀਂ ਜਿਸ ਨਿਰੰਕਾਰ ਦੀ ਉਸਤਤਿ ਗੁਰੂ ਸਾਹਿਬ ਨੇ ਪਾਵਨ ਬਾਣੀ ਵਿਚ ਕੀਤੀ ਹੈ। ਉਹ ਨਿਰੰਕਾਰ ਤਾ ਅਗੰਮ ਅਗੋਚਰ ਹੈ। ਉਹ ਖਿਡੌਣਾ ਨਹੀਂ, ਜੋ ਉਸ ਨੂੰ ਕੋਈ ਹੱਥਾਂ ਵਿਚ ਲੈ ਕੇ ਵਿਖਾ ਸਕੇ। ਉਸ ਨੂੰ ਸਰੀਰ ਰੂਪੀ ਅੱਖਾਂ ਨਹੀਂ ਵੇਖ ਸਕਦੀਆਂ। "ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।"* ਉਸ ਨੂੰ ਵੇਖਣ ਲਈ ਤਾਂ ਆਤਮ ਰੂਪ ਹੋਣਾ ਪੈਂਦਾ ਹੈ।

ਆਤਮੁ ਚੀਨਿ ਭਏ ਨਿਰੰਕਾਰੀ ॥

[ਆਸਾ ਮ: ੧, ਪੰਨਾ ੪੧੫

ਗੁਰ-ਸ਼ਬਦ ਦੇ ਗਿਆਨ ਸਦਕਾ ਨਿਰੰਕਾਰੀ ਬਣੀਦਾ ਹੈ। "ਸਬਦੁ ਬੀਚਾਰਿ ਭਏ ਨਿਰੰਕਾਰੀ"† ਇਕ-ਮਨ ਇਕਾਗਰ-ਚਿਤ ਹੋ ਕੇ ਜੀਵ ਨਿਰੰਕਾਰੀ ਬਣਦਾ ਹੈ।

ਦੁਬਿਧਾ ਛੋਡਿ ਭਏ ਨਿਰੰਕਾਰੀ ॥.. ੨॥

[ਧਨਾਸਰੀ ਮ: ੧ ਅਸਟ, ਪੰਨਾ ੬੮੫

ਸੋ ਜਿਹੜੇ ਇਹ ਗੱਲਾਂ ਦੇ ਗ਼ਾਜ਼ੀ ਗੁਫ਼ਤਾਰ ਖ਼ਾਂ ਗ਼ਲਤ ਦਾਅਵੇ ਕਰਦੇ ਹਨ ਕਿ ਉਨ੍ਹਾਂ ਦਾ ਆਗੂ ਨਿਰੰਕਾਰ ਵਿਖਾ ਸਕਦਾ ਹੈ, ਜਾਂ ਉਨ੍ਹਾਂ ਨੇ ਨਿਰੰਕਾਰ ਵੇਖਿਆ ਹੈ, ਉਹ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣ ਕਿ ਅਜੇ ਤਾਂ ਉਹ ਨਿਰੰਕਾਰ-ਪ੍ਰਾਪਤੀ ਦੇ ਰਾਹ ਵੀ ਨਹੀਂ ਟੁਰੇ। ਨਿਰੰਕਾਰ ਉਨ੍ਹਾਂ ਦੇ ਆਗੂ ਨੂੰ ਵੀ ਵੇਖਣਾ ਨਸੀਬ ਨਹੀਂ ਹੋਇਆ, ਕਿਸੇ ਨੂੰ ਵਿਖਾ ਸਕਣਾ ਤਾਂ ਦੂਰ ਦੀ ਗੱਲ ਹੈ, ਨਾ ਹੀ ਅਜਿਹਾ ਕਮੀਨਾ ਪਾਖੰਡੀ ਨਿਰੰਕਾਰ-ਪ੍ਰਾਪਤੀ ਦਾ ਅਧਿਕਾਰੀ ਹੋ ਸਕਦਾ ਹੈ, ਕਿਉਂਕਿ ਨਿਰੰਕਾਰ ਤਾਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਘਰ ਦਾ ਪਾਣੀ ਭਰ ਕੇ ਹੀ ਪ੍ਰਾਪਤ ਹੋ ਸਕਦਾ ਹੈ। ਸੱਚੇ ਗੁਰੂ ਦੀ ਬਰਾਬਰੀ

* ਮਾਰੂ ਵਾਰ ਡਖਣੇ, ਸਲੋਕ, ਪੰਨਾ ੧੧੦੦
† ਰਾਮਕਲੀ ਮ: ੧ ॥੪॥ (੮॥੩) ਪੰਨਾ ੯੦੪



www.AKJ.Org

ਕਰ ਕੇ ਕੋਈ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਸ ਦੀ ਥਾਂ ਤਾਂ ਗੁਰੂ-ਨਿੰਦਕਾਂ ਅਤੇ ਗੁਰੂ-ਦੋਖੀਆ ਵਿਚ ਹੁੰਦੀ ਹੈ ਅਤੇ ਅਜਿਹੇ ਜੀਵਾਂ ਨੂੰ ਨਿਰੰਕਾਰ ਨਹੀਂ, ਘੋਰ ਨਰਕ ਪ੍ਰਾਪਤ ਹੁੰਦਾ ਹੈ।

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਅਉਖਾ
ਜਗ ਮਹਿ ਹੋਇਆ ॥ ਨਰਕ ਘੋਰੁ ਦੁਖ
ਖੂਹੁ ਹੈ ਓਥੈ ਪਕੜਿ ਓਹੁ ਢੋਹਿਆ ॥੧॥(੧੬)
[ਸਲੋਕ ਮ: ੪, ਪੰਨਾ ੩੦੯

ਗੁਰੂ-ਨਿੰਦਕਾਂ ਦੀ ਪਰੰਪਰਾ ਅਜ ਦੀ ਸ਼ੁਰੂ ਨਹੀਂ ਹੋਈ, ਇਹ ਝੂਠੀਆਂ ਗਦੀਆਂ ਗੁਰੂ ਸਾਹਿਬ ਦੇ ਵੇਲੇ ਵੀ ਕਾਇਮ ਹੋਈਆਂ ਸਨ । ਗੁਰੂ ਅਰਜਨ ਦੇਵ ਸਾਹਿਬ ਦੇ ਮੁਕਾਬਲੇ ਦੇ ਪ੍ਰਿਥੀਚੰਦ ਨੇ ਗਦੀ ਚਲਾਈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਟਾਕਰੇ ਤੇ ਰਾਮ ਰਾਏ ਨੇ ਗਦੀ ਕਾਇਮ ਕੀਤੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਵੇਲੇ ਧੀਰ-ਮਲੀਆਂ ਨੇ ਗੁਰੂ-ਨਿੰਦਾ ਦੀ ਗੱਦੀ ਕਾਇਮ ਕੀਤੀ ਸੀ। ਇਨਸਾਨ ਫ਼ਿਤਰਤਨ ਵਡਿਆਈ ਦਾ ਭੁੱਖਾ ਹੁੰਦਾ ਹੈ। ਜਦੋਂ ਵਡਿਆਈ ਸਹਿਜੇ ਢੰਗ ਨਾਲ ਪ੍ਰਾਪਤ ਹੁੰਦੀ ਹੋਵੇ ਤਾਂ ਕੋਈ ਵੀ ਤਿਆਗਦਾ ਨਹੀਂ, ਭਾਵੇਂ ਉਹ ਇਸ ਦਾ ਅਧਿਕਾਰੀ ਹੋਵੇ ਜਾਂ ਨ ਹੋਵੇ। ਕਿੰਨੀ ਸ਼ਰਮਨਾਕ ਗੱਲ ਹੈ ਮਨੁਖ ਵਾਸਤੇ ਕਿ ਆਪਣੀ ਵਡਿਆਈ ਕਰਵਾਉਣ ਲਈ ਉਹ ਗੁਰੂ ਦੀ ਬੇਅਦਬੀ, ਬਰਾਬਰੀ ਕਰਨ ਤਕ ਚਲਾ ਜਾਵੇ ! ਲਖ ਲਾਹਨਤ ਹੈ ਅਜਿਹੇ ਜੀਵ ਨੂੰ !!

ਜਦੋਂ ਸਿਖ ਸ਼ਾਂਤਮਈ ਸਨ ਅਤੇ ਸਰਕਾਰ ਸਿਖਾਂ ਦੀ ਵਿਰੋਧੀ ਸੀ ਤਾਂ ਇਹ ਲੋਕ ਸਰਕਾਰੀ ਸਹਾਇਤਾ ਨਾਲ ਗੁਰੂ-ਵਿਰੋਧਤਾ ਕਰਦੇ ਰਹੇ, ਪਰ ਜਦੋਂ ਗੁਰੂ ਦਸਵੇਂ ਪਾਤਸ਼ਾਹ ਨੇ ਤਲਵਾਰ ਚੁਕੀ ਤਾਂ ਸਭ ਝੂਠੇ ਗੁਰੂ ਲੁਕ ਛਿਪ ਗਏ । ਕਿਉਂਕਿ ਹੁਣ ਜੰਗ ਸ਼ੁਰੂ ਹੋ ਗਈ ਸੀ, ਝੂਠੇ ਗੁਰੂਆਂ ਲਈ ਮੌਸਮ ਮਾਕੂਲ ਨਹੀਂ ਸੀ, ਫੇਰ ਜਦੋਂ ਸ਼ਹੀਦੀਆਂ ਦੇ ਯੁਗ ਵਿਚ ਸਿਖ ਚਰਖੜੀਆਂ ਤੇ ਚੜ੍ਹਦੇ ਰਹੇ, ਬੰਦ ਬੰਦ ਕਟਵਾਉਂਦੇ ਰਹੇ, ਕਿਸੇ ਦੰਭੀ ਨੇ ਗੁਰੂ ਅਖਵਾਉਣ ਦਾ ਹੌਸਲਾ ਨਾ ਕੀਤਾ । ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਵੀ ਕੋਈ ਗੁਰੂ-ਨਿੰਦਕ ਸਿਰ ਨਾ ਚੁਕ ਸਕਿਆ, ਪਰ ਜਦੋਂ ਹੀ ਸਿਖਾਂ ਦਾ ਰਾਜ ਗਿਆ, ਸਿਖਾਂ ਦੀ ਤਾਕਤ ਕਮਜ਼ੋਰ ਹੋਈ, ਤਾਂ ਉਸ ਤਾਕਤ ਨੂੰ ਹੋਰ ਕਮਜ਼ੋਰ ਕਰਨ ਦੀ ਖ਼ਤਰਨਾਕ ਸਾਜ਼ਸ਼ ਅਧੀਨ ਅੰਗਰੇਜ਼ਾਂ ਦੇ ਰਾਜ ਵਿਚ ਗੁਰ-ਧ੍ਰੋਹੀ-ਗਦੀਆਂ ਕਾਇਮ ਹੋਣੀਆਂ ਸ਼ੁਰੂ ਹੋ ਗਈਆਂ । ਸੋ ਇਹ ਅਜ ਦੀ ਅਖੌਤੀ ਨਿਰੰਕਾਰੀ ਸੰਸਥਾ ਵੀ ਉਸੇ ਗੁਰੂ-ਧ੍ਰੋਹੀ ਲੜੀ ਦੀ ਹੀ ਇਕ ਕੜੀ ਹੈ, ਜੋ ਆਜ਼ਾਦੀ ਤੋਂ ਬਾਅਦ ਹੀ ਛੂਤ ਦੀ ਬਿਮਾਰੀ ਵਾਂਗ ਦਿਨਾਂ ਵਿਚ ਹੀ ਫੈਲੀ ਹੈ।

ਇਸ ਦੰਭੀ ਗੁਰੂ ਦੀ ਅਸਲੀਅਤ ਅਤੇ ਅੰਦਰਲੀ ਤਸਵੀਰ ੧੩ ਅਪ੍ਰੈਲ ੧੯੭੮ ਦੇ ਸ੍ਰੀ ਅੰਮ੍ਰਿਤਸਰ ਦੇ ਸਾਕੇ ਨੇ ਪ੍ਰਗਟ ਕਰ ਕੇ ਲੋਕਾਂ ਨੂੰ ਵਿਖਾ ਦਿਤੀ ਹੈ। ਇਸ ਦੇ ਗਿਆਨ ਅਤੇ ਨਿਰੰਕਾਰ ਦਾ ਪਾਜ ਉਘੜ ਗਿਆ ਹੈ। ਜਦੋਂ ਸੰਤ ਭਿੰਡਰਾਂ ਵਾਲੇ ਸਿੰਘ ਅਤੇ ਅਖੰਡ ਕੀਰਤਨੀ ਜਥਿਆਂ ਦੇ ਸਿੰਘ ਗੁਰਮਤਾ ਕਰ ਕੇ ਇਸ ਨੂੰ ਗੁਰੂ-ਨਿੰਦਾ ਕਰਨ ਤੋਂ ਹਟ ਜਾਣ ਦੀ ਪ੍ਰੇਰਨਾ ਕਰਨ ਲਈ ਅੰਮ੍ਰਿਤਸਰ ਵਿਖੇ ਹੀ ਇਨ੍ਹਾਂ ਦੇ ਲਗੇ ਪੰਡਾਲ ਕੋਲ ਪੁਜੇ ਤਾਂ ਇਸ ਨੇ ਉਨ੍ਹਾਂ ਸਿੰਘਾਂ ਨਾਲ ਕੋਈ ਗਿਆਨ-ਚਰਚਾ ਕਰਨ ਦੀ ਥਾਂ ਉਨ੍ਹਾਂ ਦੀਆਂ ਗੁਰੂ ਗ੍ਰੰਥ ਸਾਹਿਬ ਦੇ ਪ੍ਰੇਮ ਨਾਲ ਭਰੀਆਂ ਹਿੱਕਾਂ ਵਿਚ ਗੋਲੀਆਂ ਦਗ਼ਵਾ ਦਿਤੀਆਂ। ਕੀ ਕੋਈ ਇਹੋ ਜਿਹੀ ਕਾਲੀ ਕਰਤੂਤ ਕਰਨ ਵਾਲਾ ਹਤਿਆਰਾ ਸਤਿਗੁਰੂ ਅਖਵਾਉਣ ਦਾ ਅਧਿਕਾਰੀ ਹੋ ਸਕਦਾ ਹੈ ? ਜੇ ਦੋ ਰਾਜਿਆਂ ਦੀ ਲੜਾਈ ਹੁੰਦੀ ਹੋਵੇ ਤਾਂ ਉਹ ਵੀ ਇਕ ਦੂਜੇ ਦੇ ਰਾਜਦੂਤਾਂ ਤੇ ਤਾਂ ਗੋਲੀ ਨਹੀਂ ਚਲਾਉਂਦੇ। ਪਰ ਇਥੇ ਤਾਂ ਇਕ ਸੰਤ ਵਲੋਂ, ਇਕ ਧਾਰਮਕ ਆਗੂ ਅਖਵਾਉਣ ਵਾਲੇ ਵੱਲ ਗੁਰਮੁਖ ਪਿਆਰੇ ਭੇਜੇ ਗਏ ਸਨ । ਜੇ ਇਸ ਵਿਚ ਕੋਈ ਵੀ ਗਿਆਨ ਦਾ ਅੰਸ਼ ਹੁੰਦਾ ਤਾਂ ਇਹ ਕਾਰਾ ਨਾ ਕਰਦਾ।

ਫਿਰ ਇਸ ਦਾ ਇਹ ਦਾਅਵਾ ਵੀ ਝੂਠਾ ਹੋ ਜਾਂਦਾ ਹੈ ਕਿ ਇਸਨੂੰ ਨਿਰੰਕਾਰ ਪ੍ਰਾਪਤ ਹੈ । ਜਿਸ ਮਨੁਖ ਨੂੰ ਨਿਰੰਕਾਰ ਪ੍ਰਾਪਤ ਹੋਵੇ ਉਹ ਤਾਂ ਕਿਸੇ ਵੀ ਭਾਰੀ ਤੋਂ


www.AKJ.Org

ਭਾਰੀ ਚੀਜ਼ ਨੂੰ ਆਪਣੀ ਸ਼ਕਤੀ ਨਾਲ ਰੋਕ ਸਕਦਾ ਹੈ, ਉਸਨੂੰ ਗੋਲੀਆਂ ਦਾ ਆਸਰਾ ਲੈਣ ਦੀ ਲੋੜ ਹੀ ਨਹੀਂ ਪੈਂਦੀ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਬਗਦਾਦ ਵਿਚ ਪੱਥਰ ਮਾਰਨ ਵਾਲੀ ਭੀੜ ਦੀਆਂ ਬਾਹਾਂ ਆਪਣੀ ਸ਼ਕਤੀ ਨਾਲ ਪਥਰਾਂ ਦਿਤੀਆਂ ਸਨ।

ਗੁਰੂ ਸਾਹਿਬ ਸੂਰਮੇ ਸਨ। ਕਲਗੀਧਰ ਪਾਤਿਸ਼ਾਹ ਦੁਸ਼ਮਨਾਂ ਦੀਆਂ ਫੌਜਾਂ ਵਿਚ ਜਾ ਵੜਦੇ ਸਨ ਅਤੇ ਯੋਧਿਆਂ ਨਾਲ ਆਪ ਯੁਧ ਕਰਦੇ ਸਨ। ਪਹਿਲਾਂ ਉਨ੍ਹਾਂ ਨੂੰ ਵਾਰ ਕਰਨ ਦਾ ਮੌਕਾ ਦਿੰਦੇ ਸਨ, ਪਿਛੋਂ ਆਪ ਵਾਰ ਕਰਦੇ ਸਨ। ਕਿਥੇ ਇਹ ਦੰਭੀ ਗੁਰਬਚਨ ਸਿੰਘ, ਜੋ ਇਕ ਲਖ ਦੇ ਪੰਡਾਲ ਵਿਚ ਬੈਠਾ ਧਰਮ ਦੀ ਗੱਲ ਕਰਨ ਆਏ ੧੦ ਬੰਦਿਆਂ ਤੇ ਬਾਹਰੋਂ ਹੀ ਗੋਲੀਆਂ ਦੇ ਫਾਇਰ ਕਰਵਾ ਦਿੰਦਾ ਹੈ। ਇਹ ਅਤਿ ਦਰਜੇ ਦੀ ਕਾਇਰਤਾ ਹੈ। ਗੁਰੂ ਸਾਹਿਬਾਨ ਦੀ ਸ਼ਖਸੀਅਤ ਨਾਲ ਇਸ ਕਮੀਨੇ ਦਾ ਮੁਕਾਬਲਾ ਹੀ ਕੋਈ ਨਹੀਂ, ਜਿਵੇਂ ਕਿ ਪੰਜਾਬੀ ਦੀ ਅਖੌਤ ਹੈ:

'ਕਿਥੇ ਰਾਜਾ ਭੋਜ ਕਿਥੇ ਗੰਗੂ ਤੇਲੀ।'

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧੁਰ ਕੀ ਬਾਣੀ ਦਰਜ ਹੈ, ਕਿਸੇ ਪਖੰਡੀ ਦੀ ਕੀਤੀ ਤੁਕਬੰਦੀ ਇਸ ਦੇ ਤੁਲ ਨਹੀਂ ਹੋ ਸਕਦੀ। ਇਨ੍ਹਾਂ ਨੇ ਅਵਤਾਰ ਬਾਣੀ ਦੇ ਨਾਂ ਹੇਠ ਕੱਚੀ ਬਾਣੀ ਵੀ ਛਾਪੀ ਹੈ। ਇਸ ਤਰ੍ਹਾਂ ਦੀ ਕਚੀ ਬਾਣੀ ਨਾਲ ਕਿਸੇ ਨੂੰ ਗਿਆਨ ਨਹੀਂ ਹੋ ਸਕਦਾ। ਕਿਉਂਕਿ ਇਸਦਾ ਰਚਨਹਾਰ ਸਿਰਫ ਕਿਸੇ ਦੀ ਨਕਲ ਤੇ ਰਚਦਾ ਹੈ, ਆਪਣੇ ਅਨੁਭਵ ਤੋਂ ਨਹੀਂ, ਕੱਚੀ ਬਾਣੀ ਵਿਚ ਸਿਵਾਏ ਨਿੰਦਾ ਪਰਚਾਰ ਦੇ ਗਿਆਨ ਵਾਲੀ ਕੋਈ ਗੱਲ ਨਹੀਂ ਹੈ। ਇਸ ਅਤੇ ਇਸ ਨੂੰ ਸੁਣਨ ਵਾਲਾ ਵੀ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਉਹ ਵੀ ਕੱਚਾ ਹੀ ਰਹਿੰਦਾ ਹੈ। ਇਸ ਬਾਣੀ ਦਾ ਚਰਚਾ ਵਿਆਖਿਆ ਸਿਰਫ ਮੌਖਿਕ ਹੁੰਦੀ ਹੈ, ਇਸ ਵਿਚ ਅਨੁਭਵ ਨਹੀਂ ਹੁੰਦਾ।

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥

ਰਾਮਕਲੀ ਮ: ੩ ਅਨੰਦ, ਪੰਨਾ ੬੨੦

"ਗੁਰ ਕੀ ਨਿੰਦਾ ਸੁਨਹਿ ਨਾ ਕਾਨ" ਅਨੁਸਾਰ ਸਿੰਘ ਸੂਰਮਿਆਂ ਨੇ ਸ਼ਹੀਦੀਆਂ ਦਿਤੀਆਂ, ਪਰ ਇਸ ਬਾਰੇ ਸਿਖ ਜਗਤ ਵਿਚ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅਕਾਲ ਪੁਰਖ ਦੀ ਹੋਂਦ ਅਤੇ ਦਸਾਂ ਪਾਤਿਸ਼ਾਹੀਆਂ ਦੀ ਆਤਮਕ ਜੋਤ ਮੌਜੂਦ ਹੈ। ਇਸਦੀ ਵਡਿਆਈ ਅਚੱਲ ਅਤੇ ਜੁਗੋ ਜੁਗ ਅਟੱਲ ਹੈ। ਕੋਈ ਝੱਖ ਮਾਰ ਕੇ, ਇਸ ਦੀ ਨਿੰਦਿਆ ਕਰਕੇ ਦੀਨ ਦੁਨੀਆ ਵਿਚ ਆਪਣਾ ਆਪ ਕਲੰਕਤ ਤਾਂ ਕਰ ਸਕਦਾ ਹੈ, ਪਰ ਇਸ ਦੀ ਵਡਿਆਈ ਵਿਚ ਜ਼ਰਾ ਮਾਤ੍ਰ ਵੀ ਫਰਕ ਨਹੀਂ ਪਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਪੂਰੇ ਸਤਿਗੁਰੂ ਨੇ ਅਕਾਲ ਪੁਰਖ ਦੇ ਹੁਕਮ ਵਿਚ ਦਿਤੀ ਹੈ ਅਤੇ ਇਹ ਦਿਨੋ ਦਿਨ ਦੂਣ ਸਵਾਈ ਚੜ੍ਹਦੀ ਹੀ ਜਾਵੇਗੀ। ਧੰਨ ਗੁਰੂ ਰਾਮਦਾਸ ਸਾਹਿਬ, ਜਿਨ੍ਹਾਂ ਨੇ ਬਾਣੀ ਵਿਚ ਹੀ ਇਹ ਦਰਜ ਕਰ ਦਿਤਾ ਹੈ ਕਿ ਨਿੰਦਕਾਂ ਤੋਂ ਸਤਿਗੁਰੂ ਦੀ ਵਡਿਆਈ ਨੂੰ ਕੋਈ ਖ਼ਤਰਾ ਨਹੀਂ ਹੋਵੇਗਾ।

ਅੰਤਰਿ ਹਰਿ ਗੁਰੂ ਧਿਆਇਦਾ ਵਡੀ ਵਡਿਆਈ ॥ ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ ॥ ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੁੋਕਾਈ ॥ ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ॥ ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ ॥ ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ ॥੧॥

[ਸਲੋਕ ਮ: ੪, ਵਾਰ ਗਉੜੀ, ਪੰਨਾ ੩੦੭

---

**ਵਿਸਾਖੀ ਦੇ ਖ਼ੂਨੀ ਸਾਕੇ** ਦੇ ੧੩ ਸ਼ਹੀਦਾਂ ਵਿਚੋਂ ਅਜੇ ਚਹੁੰ ਦੀ ਮੰਗਣੀ ਹੀ ਹੋਈ ਵੀ ਸੀ ਅਤੇ ਪੰਜਵਾਂ ਨੌਨਿਹਾਲ ਕੇਵਾਰਾ ਹੀ ਸੀ। ਇਨ੍ਹਾਂ ਲਾੜਿਆਂ ਨੇ ਚਾਈਂ ਚਾਈਂ ਲਾੜੀ ਮੌਤ ਨੂੰ ਪਰਣਾਇਆ।



www.AKJ.Org

# ਸ਼ਹੀਦੀ ਸਾਕੇ ਬਾਰੇ ਪੁਜੇ ਨਿਖੇਧੀ ਦੇ ਮਤੇ

੧੩ ਅਪ੍ਰੈਲ ੧੯੭੮ ਦੀ ਵਿਸਾਖੀ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਨਕਲੀ ਨਿਰੰਕਾਰੀ ਗੁਰ-ਨਿੰਦਕਾਂ ਵਲੋਂ ਕੀਤੀ ਜਾ ਰਹੀ ਬੇਅਦਬੀ ਨੂੰ ਰੋਕਣ ਤੇ ਸਿੱਖੀ ਆਨ ਸ਼ਾਨ ਨੂੰ ਬਰ-ਕਰਾਰ ਰਖਣ ਲਈ, ਗਏ ਸ਼ਾਂਤਮਈ ਸਿੰਘਾਂ ਤੇ ਅੰਧਾ-ਧੁੰਧ ਗੋਲੀਆਂ ਚਲਾ ਕੇ ੧੩ ਸਿੰਘ ਸ਼ਹੀਦ ਤੇ ੭੦-੭੫ ਦੇ ਕਰੀਬ ਜ਼ਖਮੀ ਕਰਨ ਤੇ ਸਿਖ-ਜਗਤ ਵਲੋਂ ਅਨੇਕਾਂ ਹੀ ਨਿਖੇਧੀ ਦੇ ਤੇ ਰੋਸ ਦੇ ਮਤੇ ਪੁਜੇ ਹਨ, ਜਿਨ੍ਹਾਂ ਵਿਚੋਂ ਕੁਝ ਕੁ ਹੇਠਾਂ ਦਿਤੇ ਜਾਂਦੇ ਹਨ।—ਬਹੁਤੇ ਮਤਿਆਂ ਦਾ ਸਾਰੰਸ਼ ਦਿਤਾ ਜਾ ਰਿਹਾ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ—

੨੯-੪-੭੮ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਬਿਹਾਰ ਦੀਆਂ ਸਿਖ ਸੰਗਤਾਂ ਦਾ ਭਾਰੀ ਦੀਵਾਨ ਅਤੇ ਕਾਨਫ਼ਰੰਸ ਰੂਮ ਵਿਚ ਹੋਈ ਵਿਸ਼ੇਸ਼ ਇਕੱਤਰਤਾ, ਸ੍ਰੀ ਅੰਮ੍ਰਿਤਸਰ ਵਿਖੇ ੧੩.੪.੭੮ ਵਿਸਾਖੀ ਦਿਵਸ ਤੇ ਨਿਰੰਕਾਰੀਆਂ ਵਲੋਂ ਨਿਹੱਥੇ ਸਿੰਘਾਂ ਤੇ ਗੋਲੀਆਂ ਦੀ ਵਰਖਾ ਕਰ ਕੇ ਸ਼ਹੀਦ ਕਰਨ ਤੇ ਅਨੇਕਾਂ ਨੂੰ ਜ਼ਖ਼ਮੀ ਕਰ ਦੇਣ ਦੇ ਨਿਰਦਈ ਕਾਂਡ ਦੀ ਸਖ਼ਤ ਨਿੰਦਾ ਕਰਦੀ ਹੈ ਤੇ ਮਹਿਸੂਸ ਕਰਦੀ ਹੈ ਕਿ ਇਸ ਪਿਛੇ ਕੋਈ ਗਿਣੀ ਮਿਥੀ ਸਾਜ਼ਸ਼ ਕੰਮ ਕਰਦੀ ਹੈ। ਇਹ ਇਕੱਤਰਤਾ ਕੇਂਦਰੀ ਤੇ ਪੰਜਾਬ ਸਰਕਾਰ ਪਾਸੋਂ ਪੁਰਜ਼ੋਰ ਸ਼ਬਦਾਂ ਦੁਆਰਾ ਮੰਗ ਕਰਦੀ ਹੈ ਕਿ ਫ਼ੌਰੀ ਤੌਰ ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਬੰਦੀ ਬਣਾਇਆ ਜਾਵੇ ਅਤੇ ਸਖ਼ਤ ਸਜ਼ਾਵਾਂ ਦਿਤੀਆਂ ਜਾਣ।

ਗੁਰਮਤਿ ਪ੍ਰਚਾਰ ਸੁਸਾਇਟੀ ਜਲੰਧਰ ਸ਼ਹਿਰ—

੧੯ ਅਪ੍ਰੈਲ ਨੂੰ ਇਕ ਵਿਸ਼ੇਸ਼ ਇਕੱਤਰਤਾ ਵਿਚ ਮੰਗ ਕੀਤੀ ਗਈ ਕਿ ਨਵੇਂ ਮਸੇ ਰੰਗੜ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਨੂੰ ਪੀਡੇ ਹੱਥ ਪ ਏ ਜਾਣ, ਜਿਸ ਦੇ ਹੁਕਮ ਨਾਲ ਉਸ ਦੀ ਪਾਲਤੂ ਤੇ ਨਿਜੀ ਫ਼ੌਜ ਵਲੋਂ ਹਮਲਾ ਕਰ ਕੇ, ਸ਼ਬਦ ਪੜ੍ਹਦੇ ਆ ਰਹੇ ਗੁਰੂ ਕੇ ਸਿੰਘਾਂ ਦਾ ਕਤਲੇਆਮ ਕੀਤਾ ਗਿਆ। ਇਸ ਚੰਡਾਲ-ਚੌਕੜੀ ਨੂੰ ਨੱਥ ਪਾਈ ਜਾਵੇ।

ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ—

੨੩ ਅਪ੍ਰੈਲ ਨੂੰ ਹੋਈ ਇਕੱਤਰਤਾ ਵਿਚ ਹਿੰਦ ਸਰਕਾਰ ਤੋਂ ਮੰਗ ਕੀਤੀ ਗਈ ਕਿ (ਇਨ੍ਹਾਂ ਨਕਲੀ) ਨਿਰੰਕਾਰੀਆਂ ਨੇ ਜੋ ਨੀਮ ਫ਼ੌਜੀ ਫ਼ਾਸਿਸਟ ਜੱਥੇਬੰਦੀ ਗੜਬੜ ਲਈ ਬਣਾਈ ਹੋਈ ਹੈ, ਇਸ ਦੀ ਜਾਂਚ ਸੀ.ਬੀ.ਆਈ. ਜਾਂ ਕਿਸੀ ਹਾਈ ਏਜੰਸੀ ਤੋਂ ਕਰਾਈ ਜਾਵੇ ਕਿ ਨਿਰੰਕਾਰੀਆਂ ਨੂੰ ਰੁਪਿਆ ਕਿਥੋਂ ਮਿਲਦਾ ਹੈ, ਇਸ ਪਿਛੇ ਕਿਸ ਤਾਕਤ ਦਾ ਹੱਥ ਹੈ। ਇਲਜ਼ਾਮ ਸਾਬਤ ਹੋਣ ਤੇ ਅਨੰਦ-ਮਾਰਗੀਆਂ ਵਾਂਗ ਨਿਰੰਕਾਰੀਆਂ ਤੇ ਪਾਬੰਦੀ ਲਾਈ ਜਾਵੇ। ਇਹ ਦੀਵਾਨ ਮੰਗ ਕਰਦਾ ਹੈ ਕਿ ਇਸ ਸਾਕੇ ਦੇ ਸਭ ਤੋਂ ਵਡੇ ਅਪਰਾਧੀ ਗੁਰਬਚਨ ਸਿੰਘ ਨੂੰ ਬਿਨਾਂ ਕਿਸੇ ਢਿਲ ਦੇ ਗ੍ਰਿਫ਼ਤਾਰ ਕੀਤਾ ਜਾਵੇ।

ਗੁਰਦੁਆਰਾ ਸਾਹਿਬ ਗੋਬਿੰਦ ਨਗਰ ਬਰੇਲੀ—

੨੨-੪-੭੮ ਦੀ ਇਕੱਤਰਤਾ ਵਿਚ ਜੈਕਾਰਿਆਂ ਦੀ ਗੂੰਜ ਵਿਚ ਮਤਾ ਪਾਸ ਕੀਤਾ ਗਿਆ ਕਿ ਸ਼ਾਂਤ-ਮਈ ਸਿੰਘਾਂ ਦੇ ਕਤਲ ਦੇ ਸਭ ਦੋਸ਼ੀਆਂ ਨੂੰ ਯੋਗ ਡੰਡ ਦਿਤਾ ਜਾਵੇ ਅਤੇ ਕੇਂਦਰੀ ਸਰਕਾਰ ਤੋਂ ਮੰਗ ਕੀਤੀ ਗਈ ਕਿ ਨਕਲੀ ਨਿਰੰਕਾਰੀਆਂ ਨੂੰ ਸਿਖ ਕੌਮ ਦੇ ਜਜ਼ਬਾਤ ਨਾਲ ਖੇਲਣ ਤੋਂ ਵਰਜਣ ਲਈ ਇਨ੍ਹਾਂ ਦੀਆਂ ਕਾਰਵਾਈਆਂ ਤੇ ਨਜ਼ਰ ਰਖੇ ਅਤੇ ਇਸ ਤਬਕੇ ਨੂੰ ਅਨੰਦ ਮਾਰਗੀਆਂ ਵਾਂਗ ਬੈਨ ਕਰਾਰ ਦੇਵੇ।

ਗੁ: ਗੁਰੂ ਨਾਨਕ ਦਰਬਾਰ ਆਗਰਾ ਛਾਉਣੀ—

੨੩-੪-੭੮ ਦੀ ਇਕੱਤਰਤਾ ਵਿਚ ਪਾਸ ਹੋਇਆ, "ਅਜ ਸਮੂਹ ਸਿਖ ਤੇ ਸਹਿਜਧਾਰੀ ਜਗਤ ਡਾਢੇ



www.AKJ.Org

ਦੁਖ ਦਾ ਅਨੁਭਵ ਕਰ ਰਿਹਾ ਹੈ ਤੇ ਹਰ ਸਿਖ ਬੱਚਾ ਆਪਣੇ ਸ਼ਹੀਦ ਹੋ ਚੁਕੇ ਵੀਰਾਂ ਵਾਂਗ ਆਪਣੇ ਸਤਿਗੁਰਾਂ ਦਾ ਅਪਮਾਨ ਨਾ ਸਹਾਰਦਿਆਂ ਹੋਇਆਂ ਹਰ ਕੁਰਬਾਨੀ ਦੇਣ ਲਈ ਤਿਆਰ ਹੈ।"

ਰਾਜਸਥਾਨ ਸਟੇਟ

ਸ੍ਰੀ ਗੁਰੂ ਸਿੰਘ ਸਭਾ ਕਮੇਟੀ ਕੋਟਾ—

੨੩-੪-੭੮ ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਕੋਟਾ ਵਿਖੇ ਸਮੂਹ ਇਲਾਕੇ ਦੀਆਂ ਸਿਖ ਸੰਗਤਾਂ ਦੇ ਇਕੱਠ ਵਿਚ ਸ਼ਾਂਤਮਈ ਸਿੰਘਾਂ ਦੇ ਕਤਲੇ ਆਮ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ। ਪਰਗਟ ਕੀਤਾ ਗਿਆ ਕਿ ਨਾਮ ਨਿਹਾਦ ਤੇ ਭੇਖੀ ਨਿਰੰਕਾਰੀ ਗੁਰਬਚਨ ਸਿੰਘ ਵਲੋਂ ਸਮੇਂ ਸਮੇਂ ਸਿਰ ਸਿਖ ਧਰਮ ਤੇ ਸਿਖ ਗੁਰੂਆਂ ਉਪਰ ਉਛਾਲੇ ਗਏ ਚਿਕੜ ਨਾਲ ਸੰਗਤਾਂ ਅਤੀ ਹੀ ਪੀੜਤ ਹਨ। ਨਿਰੰਕਾਰੀ ਆਗੂ ਨੇ ਇਕ ਪਾਸੇ ਅਧਰਮ ਤੇ ਦੁਸ਼ਟ-ਪੁਣਾ ਕੀਤਾ ਹੈ, ਦੂਜੇ ਪਾਸੇ ਕਾਨੂੰਨ ਦੀਆਂ ਧਜੀਆਂ ਉਡਾਈਆਂ ਹਨ। ਇਸ ਨਿਰਦਈਪੁਣੇ ਤੇ ਲਾ-ਕਾਨੂੰਨੀ ਨੇ ਸਿਖ ਹਿਰਦਿਆਂ ਨੂੰ ਬੇਧਿਆ ਹੈ। ਮੰਗ ਕੀਤੀ ਗਈ ਕਿ ਨਿਰਦੋਸ਼ ਸ਼ਹੀਦਾਂ ਦੇ ਕਾਤਲਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਤੀ ਜਾਵੇ।

ਗੁ: ਸਤਿਸੰਗ ਸਦਰ ਬਜ਼ਾਰ, ਮੇਰਠ ਛਾਉਣੀ—

੧੮-੪-੭੮ ਦੇ ਦੀਵਾਨ ਵਿਚ ਪਾਸ ਹੋਇਆ ਕਿ ਇਹੋ ਜਿਹੀ ਪ੍ਰਾਈਵੇਟ ਫ਼ੌਜ ਰਖਣ ਵਾਲੀ ਹਿੰਸਕ ਜਮਾਤ, ਜੋ ਗੁਰੂ ਸਾਹਿਬਾਨ ਤੇ ਗੁਰਬਾਣੀ ਦੀ ਸ਼ਾਨ ਵਿਚ ਆਏ ਦਿਨ ਗੁਸਤਾਖ਼ੀਆਂ ਕਰਦੀ ਰਹਿੰਦੀ ਹੈ, ਨੂੰ ਹਮੇਸ਼ਾ ਲਈ ਖਿਲਾਫ਼ੇ ਕਾਨੂੰਨ ਕਰਾਰ ਦੇ ਦਿਤਾ ਜਾਵੇ ਤੇ ਇਨ੍ਹਾਂ ਦੇ ਮੋਢੀ ਗੁਰਬਚਨ ਸਿੰਘ ਨੂੰ, ਜੋ ਸਾਰੀ ਸ਼ਰਾਰਤ ਤੇ ਗੋਲੀ-ਕਾਂਡ ਦਾ ਜ਼ਿਮੇਵਾਰ ਹੈ, ਫ਼ੌਰਨ ਗ੍ਰਿਫ਼ਤਾਰ ਕੀਤਾ ਜਾਵੇ।

ਗੁਰਦੁਆਰਾ ਆਲਮ ਬਾਗ ਲਖਨਊ—

੨੨-੪-੭੮ ਨੂੰ ਸਜੇ ਭਾਰੀ ਦੀਵਾਨ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਤੋਂ ਉਪਰੰਤ ਰੋਸ ਪਰਗਟ ਕਰਦਿਆਂ ਕਿਹਾ ਗਿਆ ਕਿ ਅੰਮ੍ਰਿਤਸਰ ਜੈਸੇ ਸ਼ਹਿਰ ਵਿਚ ਅਜਿਹਾ ਘੋਰ ਅਨਰਥ ਹੋਇਆ ਹੈ ਕਿ ਨਿਹੱਥੇ ਸਿੰਘਾਂ ਤੇ ਗੋਲੀ ਚਲਾ ਕੇ ਸ਼ਹੀਦ ਕੀਤਾ ਗਿਆ। ਇਹ ਜਲ੍ਹਿਆਂ ਵਾਲੇ ਬਾਗ ਵਿਚ ਜੋ ਡਾਇਰ ਨੇ ਗੋਲੀ ਚਲਾਈ ਸੀ, ਉਸ ਤੋਂ ਘਟ ਸਾਕਾ ਨਹੀਂ ਹੈ। ਅਪਰਾਧੀਆਂ ਨੂੰ ਘੋਰ ਦੰਡ ਦਿਤੇ ਜਾਣ ਅਤੇ ਇਨ੍ਹਾਂ ਦੇ ਗ਼ਲਤ ਪਰਚਾਰ ਤੇ ਬੈਨ ਲਗਾਇਆ ਜਾਵੇ।

ਆਲ ਇੰਡੀਆ ਸਿਖ ਸਟੂਡੈਂਟ ਫ਼ੈਡਰੇਸ਼ਨ ਭੂਪਾਲ ਵਲੋਂ ਪਰਧਾਨ ਮੰਤਰੀ ਭਾਰਤ ਸਰਕਾਰ ਦਿਲੀ ਨੂੰ ਪਤਰਕਾ—

"ਸਾਨੂੰ ਇਹ ਜਾਣ ਕੇ ਬੜਾ ਖੇਦ ਹੋਇਆ ਹੈ ਕਿ ਗਾਂਧੀ ਦੀ ਸਮਾਧੀ ਤੇ ਸ਼ਪਥ ਲੈਣ ਵਾਲੀ "ਜਨਤਾ ਸਰਕਾਰ" ਦੇ ਗਾਂਧੀਵਾਦੀ ਸ੍ਰੀਮਾਨ ਪਰਧਾਨ ਮੰਤਰੀ ਇਹ ਕਹਿੰਦੇ ਹਨ ਕਿ ਅਸੀਂ (ਖ਼ੂਨ ਨਾਲ ਰੰਗੇ ਹੋਏ ਹੱਥਾਂ ਵਾਲੇ) ਨਿਰੰਕਾਰੀਆਂ ਦੀ ਸਹਾਇਤਾ ਕਰਾਂਗੇ ਅਤੇ ਨਕਲੀ ਨਿਰੰਕਾਰੀਆਂ ਦੇ ਪਖੰਡੀ ਆਗੂ ਗੁਰਬਚਨ ਸਿੰਘ ਨੂੰ ਇਹ ਬਚਨ ਦਿੰਦੇ ਹਨ ਕਿ ਤੁਹਾਡਾ ਕੁਝ ਵੀ ਨਹੀਂ ਵਿਗੜੇਗਾ। ਇਹ ਕੈਸਾ ਅਹਿੰਸਾਵਾਦ ਤੇ ਗਾਂਧੀਵਾਦ ਹੈ।

ਪਰ ਸਾਨੂੰ ਆਸ ਹੈ ਕਿ ਸ੍ਰੀਮਾਨ ਜੀ ਹੁਣ ਤਕ ਸਹੀ ਸਥਿਤੀ ਤੋਂ ਵਾਕਫ ਹੋ ਚੁਕੇ ਹੋਣਗੇ। ਅਸੀਂ ਸਮੂਹ ਸਿਖ ਸਮਾਜ ਵਲੋਂ ਇਹ ਪੁਰਜ਼ੋਰ ਮੰਗ ਕਰਦੇ ਹਾਂ ਕਿ ਇਸ ਪਖੰਡੀ ਗੁਰਬਚਨ ਸਿੰਘ ਨੂੰ, ਜਿਸ ਦੇ ਹੱਥ ਸਿੰਘਾਂ ਦੇ ਪਵਿਤਰ ਖ਼ੂਨ ਨਾਲ ਰੰਗੇ ਹੋਏ ਹਨ, ਜਲਦ ਤੋਂ ਜਲਦ ਗ੍ਰਿਫਤਾਰ ਕਰ ਕੇ, ਮੁਕੱਦਮਾ ਚਲਾਇਆ ਜਾਵੇ ਤੇ ਫਾਂਸੀ ਦੀ ਸਜ਼ਾ ਦਿਤੀ ਜਾਏ, ਤਾਂਕਿ ਦੇਸ਼ ਦੀ ਹਾਲਤ ਨੂੰ ਹੋਰ ਵਿਗੜਨ ਤੋਂ ਰੋਕਿਆ ਜਾ ਸਕੇ।

ਅਤਿਇੰਦਰਪਾਲ ਸਿੰਘ, ਪਰਧਾਨ ਫ਼ੈਡਰੇਸ਼ਨ

---

## ਪਿੰਡ ਚੰਦੂਮਾਜਰਾ (ਰਾਜਪੁਰਾ) ਵਿਖੇ ਸ੍ਰੀ ਅਖੰਡਪਾਠ ਤੇ ਰੈਣ-ਸਬਾਈ ਕੀਰਤਨ

ਸ਼ਹੀਦ ਸਿੰਘਾਂ ਨਮਿਤ ਭਾਈ ਸਤਨਾਮ ਸਿੰਘ ਜੀ ਵਲੋਂ ਪਿੰਡ ਚੰਦੂ ਮਾਜਰਾ ਦੇ ਗੁਰਦਵਾਰਾ ਸਾਹਿਬ ਵਿਖੇ ੩ ਜੂਨ ੧੯੭੮ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਅਖੰਡ ਕੀਰਤਨ ਦੁਪਹਿਰ ਤਕ ਹੋਣਗੇ। ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ।

www.AKJ.Org

# ੧੩ ਅਪ੍ਰੈਲ ਵੈਸਾਖੀ ਦੇ ਖ਼ੂਨੀ ਸਾਕੇ ਸਬੰਧੀ ਚੋਣਵੀਆਂ ਖ਼ਬਰਾਂ

○ ੧੩ ਅਪ੍ਰੈਲ ਨੂੰ ਇਹ ਸ਼ਹੀਦੀ ਸਾਕਾ ਵਰਤਿਆ। ਪੋਸਟ ਮਾਰਟਮ ਉਪਰੰਤ ੧੪ ਅਪ੍ਰੈਲ ਸ਼ਾਮ ਨੂੰ ਸ਼ਹੀਦਾਂ ਦੀਆਂ ਅਰਥੀਆਂ ਹਜ਼ਾਰਹਾਂ ਸੰਗਤਾਂ ਦੇ ਜੋਸ਼-ਭਰੇ ਜਲੂਸ ਵਿਚ ਗੁਰੂ ਰਾਮਦਾਸ ਨਿਵਾਸ ਵਿਚ ਲਿਆਂਦੀਆਂ ਗਈਆਂ। ਪੰਜ ਸਰੋਵਰਾਂ ਦੇ ਜਲ ਨਾਲ ਸ਼ਹੀਦਾਂ ਦੇ ਸਰੀਰਾਂ ਦਾ ਇਸ਼ਨਾਨ ਕਰਾਇਆ ਗਿਆ। ਸਾਰੀ ਰਾਤ ਅਖੰਡ ਕੀਰ-ਤਨੀ ਜੱਥੇ ਵਲੋਂ ਸ਼ਹੀਦਾਂ ਦੇ ਲਾਗੇ ਕੀਰਤਨ ਹੁੰਦਾ ਰਿਹਾ ਅਤੇ ਸਾਰੀ ਰਾਤ ਹੀ ਸ਼ਹੀਦਾਂ ਦੇ ਅੰਤਮ ਦਰਸ਼ਨਾਂ ਲਈ ਬੇਅੰਤਹਾ ਸੰਗਤਾਂ ਦਾ ਤਾਂਤਾ ਬੱਝਾ ਰਿਹਾ। ਪੰਜਾਬ ਅਤੇ ਹੋਰ ਦੂਰ ਦੂਰ ਪ੍ਰਾਂਤਾਂ ਤੋਂ ਅੰਮ੍ਰਿਤ ਵੇਲੇ ਤਕ ਠਾਠਾਂ ਮਾਰਦੇ ਸਮੁੰਦਰ ਵਾਂਗ ਸੰਗਤਾਂ ਪੁਜ ਚੁਕੀਆਂ ਸਨ, ਜਿਨ੍ਹਾਂ ਨੂੰ ਕੰਟਰੋਲ ਕਰਨਾ ਔਖਾ ਹੋ ਰਿਹਾ ਸੀ। ਬੜਾ ਹੀ ਵੈਰਾਗਮਈ ਦ੍ਰਿਸ਼ ਸੀ।

੧੬ ਅਪ੍ਰੈਲ ਨੂੰ ਨੌ ਵਜੇ ਸਵੇਰੇ ਸ਼ਹੀਦਾਂ ਦੀਆਂ ਅਰਥੀਆਂ ਟ੍ਰਕਾਂ ਵਿਚ ਸਜਾ ਕੇ ਅੰਤਮ ਸੰਸਕਾਰ ਲਈ ਇਕ ਬਹੁਤ ਵਡਾ ਜਲੂਸ ਅਰੰਭ ਹੋਇਆ। ਜਲੂਸ ਦੇ ਨਾਲ ਚਲ ਰਹੀਆਂ ਸੰਗਤਾਂ ਦਾ ਕੋਈ ਹਦ-ਬੰਨਾ ਨਹੀਂ ਸੀ ਅਤੇ ਜਲੂਸ ਦੇ ਦੋਵੇਂ ਪਾਸੇ ਰਸਤੇ, ਬਜ਼ਾਰ, ਕੋਠੇ ਦੂਰ ਦੂਰ ਤਕ ਦਰਸ਼ਕਾਂ ਨਾਲ ਭਰੇ ਪਏ ਸਨ। ਸਜਲ ਨੇਤਰੀਂ ਸੰਗਤਾਂ ਸ਼ਬਦ ਪੜ੍ਹਦੀਆਂ ਜਾਂਦੀਆਂ ਸਨ। ਇਹ ਮਾਤਮੀ ਜਲੂਸ ੧੧ ਕੁ ਵਜੇ ਗੁਰ-ਦੁਆਰਾ ਰਾਮਸਰ ਦੇ ਸਾਮ੍ਹਣੇ ਚਾਰ ਦੀਵਾਰੀ ਅੰਦਰਲੀ ਗਰਾਊਂਡ ਵਿਚ ਪੁਜਾ ਉਥੇ ਅੰਗੀਠੇ ਤਿਆਰ ਕੀਤੇ ਗਏ। ੧੨ ਕੁ ਵਜੇ ਸ਼ਬਦ ਕੀਰ-ਤਨ ਦੀ ਧੁਨ ਵਿਚ ਅਰਦਾਸ ਉਪਰੰਤ ਅੰਗੀਠਿਆਂ ਨੂੰ ਅਗਨ ਦਿਤੀ ਗਈ।

○ ੧੮ ਅਪ੍ਰੈਲ ਨੂੰ ਸ਼ਹੀਦ ਸਿੰਘਾਂ ਦੇ ਸਮੁਚੇ ਅੰਗੀਠੇ ਸਮੇਟ ਕੇ ਸਾਰੀ ਬਿਭੂਤੀ ਗੁਰਮਤਿ ਰੀਤੀ ਅਨੁ-ਸਾਰ ਲਾਗੇ ਵਗਦੇ ਬਿਆਸ ਦਰਿਆ ਵਿਚ ਸੰਗਤਾਂ ਦੀ ਭਾਰੀ ਗਿਣਤੀ ਦੀ ਹਾਜ਼ਰੀ ਵਿਚ ਜਲ-ਪਰਵਾਹ ਕਰ ਦਿਤੀ ਗਈ।

○ ਇਸ ਸਮੇਂ ਸ: ਗੁਰਚਰਨ ਸਿੰਘ ਜੀ ਟੋਹੜਾ ਪ੍ਰਧਾਨ, ਸ਼੍ਰੋ: ਗੁ: ਪ੍ਰ: ਕਮੇਟੀ ਨੇ ਬਿਹਬਲ ਹੋ ਕੇ ਅਰਦਾਸ ਵਿਚ ਇਹ ਸ਼ਬਦ ਕਹੇ, ''ਇਨ੍ਹਾਂ ਸ਼ਹੀਦਾਂ ਜਿਨ੍ਹਾਂ ਨੇ 'ਗੁਰ ਕੀ ਨਿੰਦਾ ਸੁਨਹਿ ਨ ਕਾਨ' ਦੇ ਵਾਕ ਅਨੁਸਾਰ ਆਪਣੀਆਂ ਜਾਨਾਂ ਸਤਿਗੁਰੂ-ਪਿਆਰ ਵਿਚ ਹੱਸ ਹੱਸ ਕੇ ਘੋਲ ਘੁਮਾਈਆਂ ਅਤੇ ਜਿਨ੍ਹਾਂ ਨੇ ਗੁਰਮਤਿ ਦਾ ਇਹ ਵੀ ਸੱਚਾ ਮਾਰਗ ਦਿਖਾਇਆ ਕਿ ਸਿੰਘਾਂ ਦੀਆਂ ਅਸਤੀਆਂ (ਸਮੁਚੀ ਰਾਖ) ਜਲ-ਪਰਵਾਹ ਕਰਨ ਲਈ ਕੋਈ ਵਿਸ਼ੇਸ਼ ਥਾਂ ਨਹੀਂ, ਇਹ ਕਿਸੇ ਵੀ ਚਲਦੇ ਪਾਣੀ ਵਿਚ ਪਰਵਾਹ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਸ਼ਹੀਦਾਂ ਸਿੰਘਾਂ ਦਾ ਸਦਕਾ, ਜੋ ਗੁਰੂ ਮਹਾਰਾਜ ਜੀ ਦੇ ਅਦਬ ਸਤਿਕਾਰ ਤੇ ਪੰਥਕ ਆਨ ਸ਼ਾਨ ਨੂੰ ਬਰਕਰਾਰ ਰਖਣ ਲਈ ਜਾਨਾਂ ਵਾਰ ਗਏ, ਇਨ੍ਹਾਂ ਦੇ ਮਾਰਗ ਉਤੇ ਚਲਣ ਦਾ ਸਤਿਗੁਰੂ ਸਮੂਹ ਗੁਰਸਿਖਾਂ ਨੂੰ ਬਲ ਬਖਸ਼ੇ।''

○ ੨੨ ਅਪ੍ਰੈਲ ਨੂੰ ਸੰਗਤਾਂ ਦੇ ਬਹੁਤ ਭਾਰੇ ਇਕੱਠ ਵਿਚ ਸ਼ਹੀਦਾਂ ਦੀ ਯਾਦ ਵਿਚ ਅਰੰਭ ਕੀਤੇ ਗਏ ਸ੍ਰੀ ਅਖੰਡਪਾਠ ਦਾ ਭੋਗ ਪੰਥਕ ਪੱਧਰ ਤੇ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸਵੇਰੇ ੧੦ ਵਜੇ ਪਿਆ। ਸ਼ਬਦ ਕੀਰਤਨ ਤੋਂ ਉਪਰੰਤ ਪੰਥਕ ਨੇਤਾਵਾਂ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟਾ ਕੀਤੀਆਂ ਗਈਆਂ।

੧੩ ਸ਼ਹੀਦਾਂ ਦੇ ਭੋਗ ਸਮਾਗਮ ਸਮੇਂ ਅਮਰੀਕਨ ਸਿੰਘਾਂ ਦੇ ਸਿਖ ਧਰਮਾ ਬ੍ਰਦਰਹੁਡ ਵਲੋਂ ਤਿੰਨ ਪ੍ਰਤੀਨਿਧ : ਭਾਈ ਸਾਹਿਬ ਲਹਿਰੀ ਸਿੰਘ ਜੀ ਖ਼ਾਲਸਾ, ਸਰਦਾਰਨੀ ਸਤਿਕਿਰਪਾਲ



www.AKJ.Org

ਕੌਰ ਜੀ ਖ਼ਾਲਸਾ ਅਤੇ ਭਾਈ ਸਾਹਿਬ ਸੁਆਮੀ ਸਿੰਘ ਜੀ ਖ਼ਾਲਸਾ ਉਚੇਚੇ ਤੌਰ ਤੇ ਅਮਰੀਕਾ ਤੋਂ ਫ਼ਲਾਈ ਕਰ ਕੇ ਐਨ ਸਮੇਂ ਸਿਰ ਪੁਜੇ। ਯੂ. ਕੇ. ਦੀਆਂ ਸਿਖ ਸੰਗਤਾਂ ਵਲੋਂ ਸ: ਸੋਹਣ ਸਿੰਘ ਜੀ ਅਕਾਲੀ ਭੋਗ ਸਮਾਗਮ ਤੇ ਉਚੇਚੇ ਤੌਰ ਤੇ ਪੁਜੇ। ਹੋਰ ਸਭ ਸੰਪਰਦਾਵਾਂ ਦੇ ਨੁਮਾਇੰਦੇ ਦੂਰੋਂ ਨੇੜਿਓਂ ਪੁਜੇ ਹੋਏ ਸਨ।

- ੦ ੨੨ ਅਪ੍ਰੈਲ ਦੀ ਰਾਤ ਨੂੰ ਦੀਵਾਨ ਹਾਲ ਵਿਚ ਅਖੰਡ ਕੀਰਤਨੀ ਜੱਥਿਆਂ ਵਲੋਂ ਰੈਣ-ਸਬਾਈ ਕੀਰਤਨ ਕੀਤਾ ਗਿਆ। ਸਾਰੀ ਰਾਤ ਸੰਗਤਾਂ ਭਾਰੀ ਗਿਣਤੀ ਵਿਚ ਹਾਜ਼ਰੀ ਭਰਦੀਆਂ ਰਹੀਆਂ।
- ੦ ੨੩ ਅਪ੍ਰੈਲ ਨੂੰ ਸਵੇਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਖ਼ਾਲਸਾ ਪੰਥ ਵਲੋਂ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਮਗਰੋਂ ਸ਼ਹੀਦਾਂ ਦੇ ਪਰਵਾਰਾਂ ਨੂੰ ਤਖ਼ਤ ਸਾਹਿਬ ਵਲੋਂ ਸਿਰੋਪਾਓ ਦੀ ਬਖਸ਼ਿਸ਼ ਦੁਆਰਾ ਸਨਮਾਨਿਆ ਗਿਆ।
- ੦ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਅਤੇ ਉਸ ਦੀ ਜੁੰਡਲੀ ਦੇ ਕੁਝ ਸਰਕਰਦਾ ਦੋਸ਼ੀਆਂ ਵਿਰੁਧ ਪੁਲਸ ਵਲੋਂ ਕੇਸ ਰਜਿਸਟਰ ਕੀਤ ਗਿਆ।
- ੦ ਜੁਡੀਸ਼ਲ ਮੈਜਿਸਟ੍ਰੇਟ ਅੰਮ੍ਰਿਤਸਰ ਵਲੋਂ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਅਤੇ ਉਸ ਦੇ ਚਾਰ ਹੋਰ ਸਾਥੀਆਂ, ਜਿਨ੍ਹਾਂ ਵਿਚ ਨਿਰੰਜਨ ਸਿੰਘ ਆਈ. ਏ. ਐਸ., ਪ੍ਰਤਾਪ ਸਿੰਘ ਨਕਲੀ ਨਿਰੰਕਾਰੀ ਫ਼ੌਜ ਦੇ ਕਮਾਂਡਰ-ਇਨ-ਚੀਫ਼ ਆਦਿ ਵੀ ਸ਼ਾਮਲ ਹਨ, ਦੇ ਵਾਰੰਟ ਜਾਰੀ ਕੀਤੇ ਗਏ।
- ੦ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਦੀ ਅਗੇਤਰੀ ਜ਼ਮਾਨਤ ਦੀ ਦਰਖ਼ਾਸਤ ਹਾਈ ਕੋਰਟ ਨੇ ਰਦ ਕਰ ਦਿਤੀ।
- ੦ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਦੀ ਗ੍ਰਿਫ਼ਤਾਰੀ ਵਿਚ ਵਰਤੀ ਜਾ ਰਹੀ ਢਿਲ ਵਿਰੁਧ ਦਿਲੀ ਦੀਆਂ ਸਿਖ ਸੰਗਤਾਂ ਵਲੋਂ, ਦਿਲੀ ਵਿਚ ਇਕ ਪ੍ਰੋਟੈਸਟ ਜਲੂਸ ੭ ਮਈ ਨੂੰ ਕਢਿਆ ਗਿਆ ਅਤੇ ਸਿੰਘਾਂ ਦਾ ਇਕ ਡੈਪੂਟੇਸ਼ਨ ਡਿਸਾਈ ਤੇ ਬਾਜਪਾਈ ਨੂੰ ਮਿਲਿਆ।
- ੦ ੧੪ ਮਈ ਨੂੰ ਸਮੁੱਚੇ ਸਿਖ ਪੰਥ ਵਲੋਂ ਸ਼ਾਂਤਮਈ ਸ਼ਹੀਦ ਸਿੰਘਾਂ ਦੇ ਕਤਲੇਆਮ ਵਿਰੁਧ ਵਡੀ ਪੱਧਰ ਤੇ ਇਕ ਰੋਸ-ਜਲੂਸ ਦਿਲੀ ਵਿਖੇ ਕਢਿਆ ਜਾ ਰਿਹਾ ਹੈ। ਬੰਗਲਾ ਸਾਹਿਬ ਤੋਂ ੧੦ ਵਜੇ ਅਰੰਭ ਹੋ ਕੇ ਗੁਰਦੁਆਰਾ ਰਕਾਬਗੰਜ ਪੁਜੇਗਾ ਅਤੇ ਉਥੇ ਤਿੰਨ ਵਜੇ ਤਕ ਸਮੁਚੇ ਸਿਖ ਪੰਥ ਦੀ ਕਨਵੈਨਸ਼ਨ ਹੋਵੇਗੀ।
- ੦ ਨਕਲੀ ਨਿਰੰਕਾਰੀ ਆਗੂ ਦਾ ਵੱਡਾ ਹੱਥ-ਠੋਕਾ ਨਿਰੰਜਨ ਸਿੰਘ ਆਈ. ਸੀ. ਐਸ. ੧੧ ਅਪ੍ਰੈਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

---


## ਹੁਸ਼ਿਆਰਪੁਰ ਸਾਲਾਨਾ ਸ਼ਹੀਦੀ ਗੁਰਪੁਰਬ ਤੇ ਸ਼ਹੀਦਾਂ ਨਮਿਤ ਸਮਾਗਮ

੮ ਜੂਨ ਵੀਰਵਾਰ ਤੋਂ ੧੧ ਜੂਨ ੧੯੭੮ ਐਤਵਾਰ ਸਵੇਰ ਤਕ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਅਤੇ ਵੈਸਾਖੀ ਸਮੇਂ ਹੋਏ ਸ਼ਹੀਦਾਂ ਦੀ ਯਾਦ ਵਿਚ ਅਖੰਡ ਕੀਰਤਨੀ ਜੱਥਿਆਂ ਵਲੋਂ ਗੁ: ਕਲਗੀਧਰ ਚਰਨ ਪਾਵਨ, ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਸਮਾਗਮ ਹੋ ਰਹੇ ਹਨ।

| | | |
|---|---|---|
| ੮ ਜੂਨ ਸਵੇਰੇ | ੫-੦੦ ਤੋਂ ੮-੦੦ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ | ਗੁ: ਕਲਗੀਧਰ ਚਰਨ ਪਾਵਨ |
| ਸ਼ਾਮ | ੭-੩੦ ਤੋਂ ੧੦-੦੦ ਸੋਦਰ ਦੀ ਚੌਂਕੀ ਤੇ ਅਖੰਡ ਕੀਰਤਨ | ਗੁਰਦੁਆਰਾ ਗੋਕਲ ਨਗਰ |
| ੯ ਜੂਨ ਸਵੇਰੇ | ੬-੦੦ ਤੋਂ ੧੨-੦੦ ਅਖੰਡ ਕੀਰਤਨ | ਗੁ: ਭਾਈ ਜੋਗਾ ਸਿੰਘ ਜੀ, ਮਹੱਲਾ ਸ਼ੇਖਾਂ |
| ਸ਼ਾਮ | ੭-੩੦ ਤੋਂ ੧੦-੦੦ ਸੋਦਰ ਤੇ ਕੀਰਤਨ | ਗੁ: ਸਿੰਘ ਸਭਾ ਮਹੱਲਾ ਮੋਰੀ, ਬਹਾਦਰ ਨਗਰ |
| ੧੦ ਜੂਨ ਸਵੇਰੇ | ੬-੦੦ ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ ਦੁਪਹਿਰ ਤਕ | ਗੁ: ਕਲਗੀਧਰ ਚਰਨ ਪਾਵਨ |
| ਸ਼ਾਮ | ੪-੦੦ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ | ,, ,, ,, |
| ਰਾਤ | ੮-੦੦ ਰੈਣ ਸਬਾਈ ਕੀਰਤਨ ਅਰੰਭ, ੧੧ ਜੂਨ ਸਵੇਰੇ ੭ ਵਜੇ ਸਮਾਪਤੀ | ,, ,, ,, |

ਨੋਟ:—ਰਿਹਾਇਸ਼ ਲੰਗਰ ਆਦਿ ਦੇ ਪਰਬੰਧ ਲਈ ਗੁਰਦੁਆਰਾ ਕਲਗੀਧਰ ਚਰਨ ਕਮਲ ਵਿਖੇ ਪੁਜੋ, ਜੋ ਬੱਸ-ਅੱਡੇ ਦੇ ਨੇੜੇ ਹੈ

ਪੁੱਛ ਗਿਛ—੧. ਗੁਰੂ ਨਾਨਕ ਜਨਰਲ ਸਟੋਰ, ਲਕਸ਼ਮੀ ਸਿਨਮਾ ਮਾਰਕੀਟ, ਬਸ ਅੱਡੇ ਦੇ ਸਾਹਮਣੇ, ਹੁਸ਼ਿਆਰਪੁਰ
੨. ਪ੍ਰੋ: ਲਖਦੇਵ ਸਿੰਘ, ਜੇ. ਆਰ. ਗੌ: ਪਾਲੀਟੈਕਨਿਕ ਕਾਲਜ, ਹੁਸ਼ਿਆਰਪੁਰ


www.AKJ.Org

# ਖ਼ਾਲਸਾ ਪੰਥ ਸਬੰਧੀ ਸਾਡੀਆਂ ਜ਼ਿਮੇਵਾਰੀਆਂ
## ਅਮਰੀਕਨ ਖ਼ਾਲਸੇ ਵਲੋਂ ਹਲੂਣਾ

੧੩ ਅਪ੍ਰੈਲ ੧੯੭੮ ਵੈਸਾਖੀ ਵਾਲੇ ਦਿਨ ਵਾਪਰੇ ਖ਼ੂਨੀ ਸਾਕੇ ਦੇ ਸਬੰਧ ਵਿਚ ਅਮਰੀਕਾ ਦੇ "ਸਿਖ ਧਰਮਾ ਬ੍ਰਦਰਹੁੱਡ" ਵਲੋਂ ਸਮੂਹ ਖ਼ਾਲਸਾ ਪੰਥ ਨੂੰ ਸੰਬੋਧਤ ਇਕ ਪੱਤਰ ਜਾਰੀ ਕੀਤਾ ਗਿਆ ਹੈ, ਉਸ ਦਾ ਪੰਜਾਬੀ ਅਨੁਵਾਦ ਹੇਠਾਂ ਦਰਜ ਹੈ।*

੧੩ ਅਪ੍ਰੈਲ ੧੯੭੮ ਨੂੰ ਅੰਮ੍ਰਿਤਸਰ ਵਿਚ ਹੋਏ ਸ਼ਹੀਦਾਂ ਦੇ ਪਰਵਾਰਾਂ ਵਲੋਂ ਪ੍ਰਗਟਾਏ ਮਨੋ-ਭਾਵਾਂ ਵਿਚ ਉਨ੍ਹਾਂ ਨੇ ਸਰਬ ਸੰਸਾਰ ਦੇ ਖ਼ਾਲਸਾ ਪੰਥ ਲਈ ਆਪਣੀ ਕ੍ਰਿਤੱਗਯਤਾ ਪ੍ਰਗਟਾਈ ਹੈ ਕਿ ਪੰਥ ਨੇ ਸ਼ਹੀਦ ਪਰਵਾਰਾਂ ਨਾਲ ਸੱਚੀਆਂ ਸਾਂਝਾਂ ਪ੍ਰਤੀਤ ਕੀਤੀਆਂ ਹਨ ਅਤੇ ਉਨ੍ਹਾਂ ਦੀ ਸਾਰ-ਸੰਭਾਲ ਲਈ ਜਤਨ ਅਰੰਭੇ ਹੋਏ ਹਨ ਅਤੇ ਉਨ੍ਹਾਂ ਨੇ ਸ਼ਹੀਦ ਤੇ ਜ਼ਖਮੀ ਹੋਏ ਸਿੰਘਾਂ ਦੇ ਪਰਵਾਰਾਂ ਦੀ ਸਹਾਇਤਾ ਲਈ ਕੇਵਲ ਬ੍ਰਿਟਿਸ਼ ਕੋਲੰਬੀਆ ਵਿਚੋਂ ਹੀ ਇਕ ਲੱਖ ਡਾਲਰ ਇਕੱਤਰ ਕਰਨ ਦਾ ਨਿਸ਼ਾਨਾ ਮਿਥਿਆ ਹੈ। ਇਨ੍ਹਾਂ ਦਾ ਇਹ ਉਦਮ ਨਿਜੀ ਤੌਰ ਤੇ ਸ਼ਲਾਘਾ ਯੋਗ ਹੈ, ਪਰ ਖ਼ਾਲਸਾ ਜੀ ਦਾ ਅਸਲ ਨਿਸ਼ਾਨਾ ਹੇਠ ਲਿਖੇ ਅਨੁਸਾਰ ਹੈ :—

ਸਭੇ ਪਰਵਾਰ ਇਹ ਪ੍ਰਗਟ ਕਰ ਦੇਣਾ ਚਾਹੁੰਦੇ ਹਨ ਕਿ ਸਾਡੀ ਅਸਲ ਲੋੜ ਇਹ ਹੈ ਜੋ ਸਰਬੱਤ ਖਾਲਸਾ ਆਪਣੀ ਲੰਮੀ ਤੇ ਘੂਕ ਨੀਂਦ ਤੋਂ ਜਾਗੇ ਅਤੇ ਆਪਸ ਵਿਚਲੇ ਸਭ ਨਿੱਕੇ ਮੋਟੇ ਵਿਰੋਧ ਤਿਆਗ ਕੇ ਖਾਲਸਈ ਝੰਡੇ ਹੇਠ ਇਕ-ਮੁੱਠ ਹੋ ਜਾਵੇ। ਇਸ ਗੱਲ ਨੂੰ ਯਕੀਨਨ ਬਣਾਉਣ ਲਈ ਸਮੂਹ ਪੰਥ ਯਤਨ-ਸ਼ੀਲ ਹੋਵੇ ਕਿ:—

(੧) ਸਭ ਦੋਸ਼ੀਆਂ ਨੂੰ, ਜੋ ੧੩ ਅਪ੍ਰੈਲ ੧੯੭੮ ਦੀ ਕਤਲੇਆਮ ਨਾਲ ਸਬੰਧਤ ਹਨ ਤੇ ਇਸ ਦੇ ਜ਼ਿਮੇਵਾਰ ਹਨ, ਦੋਸ਼ ਦੇ ਅਨੁਸਾਰ ਯੋਗ ਦੰਡ ਮਿਲੇ।

(੨) ਸੰਤ ਨਿਰੰਕਾਰੀ ਮਿਸ਼ਨ ਨੂੰ ਗੈਰ-ਕਾਨੂੰਨੀ ਕਰਾਰ ਦਿਤਾ ਜਾਵੇ, ਕਿਉਂਕਿ ਉਨ੍ਹਾਂ ਦੀਆਂ ਕਰਤੂਤਾਂ ਇਖ਼ਲਾਕੀ ਤੇ ਕਾਨੂੰਨ ਵਿਰੁਧ ਹਨ।

(੩) ਚਹੁੰ ਕੂੰਟਾਂ ਦੇ ਕੋਨੇ ਕੋਨੇ ਵਿਚ ਸ਼ਬਦ-ਗੁਰੂ ਦੇ ਸਿਧਾਂਤ ਦਾ ਪਰਚਾਰ ਕੀਤਾ ਜਾਵੇ।

ਐਡੀਟਰ

---

ਸੇਵਾ ਵਿਖੇ—ਖ਼ਾਲਸਾ ਪੰਥ।
ਵਿਸ਼ਾ—ਅੰਮ੍ਰਿਤਸਰ ਦੇ ਸ਼ਹੀਦ।
ਪਰਮ ਪਿਆਰੀ ਗੁਰੂ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਹ॥

"ਸਿਖ ਧਰਮਾ ਬ੍ਰਦਰਹੁੱਡ" ਵਲੋਂ
ਸ਼ੁਭ ਇਛਾਵਾਂ

ਇਹ ਸੱਦਾ ਪੱਤਰ ਹੈ ਜਾਗਣ ਤੇ ਇਕ-ਮੁੱਠ ਹੋਣ ਦਾ, ਤੁਹਾਨੂੰ ਸਭ ਨੂੰ ਜੋ ਆਪਣੇ ਆਪ ਨੂੰ ਖ਼ਾਲਸਾ ਕਹਿੰਦੇ ਹੋ। ਸਿਖ ਇਤਿਹਾਸ ਵਿਚ ਇਹ ਇਕ ਨਵਾਂ ਕਾਂਡ ਲਿਖਿਆ ਗਿਆ ਹੈ। ਇਹ ਪੱਤਰ ਗੁਰਸਿਖਾਂ ਦਾ ਅੰਮ੍ਰਿਤਸਰ ਵਿਚ ਕੀਤਾ ਅਦੁੱਤੀ ਕਾਰਨਾਮਾ ਯਾਦ ਕਰਦਾ ਹੈ, ਜਿਨ੍ਹਾਂ ਨੂੰ ਸਾਡੇ ਪੰਥ ਦੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਕੀਤੀ ਜਾਂਦੀ ਬੇਹੁਰਮਤੀ ਵਿਰੁਧ ਅਵਾਜ਼ ਉਠਾਉਣ ਪਿਛੇ ਸ਼ਬਦ ਪੜ੍ਹਦਿਆਂ ਨੂੰ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਸ਼ਹੀਦ ਕਰ ਦਿਤਾ ਗਿਆ ਹੈ। ਇਸ ਵਹਿਸ਼ੀਆਨਾ ਕਤਲੇ ਆਮ ਵਿਚ ੧੩ ਸਿੰਘ ਸ਼ਹੀਦੀਆਂ ਪਾ ਗਏ ਤੇ ੨੧ ਦੇ ਲਗ ਪਗ ਹਸਪਤਾਲ ਵਿਚ ਸਖਤ ਜ਼ਖਮੀ ਹੋ ਕੇ ਅਜੇ ਵੀ ਪਏ ਹਨ। ਸ਼੍ਰੋਮਣੀ ਕਮੇਟੀ ਵਲੋਂ ਪੁਜੀ ਤਾਰ ਅਨੁਸਾਰ ਕੁਲ ੮੦ ਫਟੜ ਹੋਏ।

* ਅਸਲ ਅੰਗਰੇਜ਼ੀ ਚਿੱਠੀ ਫਿਰ ਦਿਤੀ ਜਾਏਗੀ।



www.AKJ.Org

ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੂਹ ਸਪੁਤਰਾਂ ਤੇ ਸਪੁਤਰੀਆਂ ਨੂੰ ਅਪੀਲ ਕਰਦੇ ਹਾਂ ਕਿ ਹੁਣ ਉਹ ਮੈਦਾਨ ਵਿਚ ਨਿਤਰਨ ਤੇ ਸੱਚਾਈ ਲਈ ਕੁਰਬਾਨੀ ਕਰਨ।......

੨੩ ਅਪ੍ਰੈਲ ੧੯੭੮ ਨੂੰ ਸ੍ਰੀ ਸਿੰਘ ਸਾਹਿਬ ਭਾਈ ਸਾਹਿਬ ਹਰਭਜਨ ਸਿੰਘ ਖਾਲਸਾ ਜੋਗੀ ਜੀ ਨੇ ਲਾਸ ਐਂਜਲਜ਼ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ—

''ਇਹ ਦਿਨ ਸਾਨੂੰ ਕਦਾਚਿਤ ਨਹੀਂ ਭੁਲਣਾ ਚਾਹੀਦਾ। ਇਹ ਅੰਮ੍ਰਿਤਸਰ ਦੇ ਸ਼ਹੀਦਾਂ ਨੂੰ ਯਾਦ ਕਰਨ ਦਾ ਦਿਨ ਹੈ ਕਿ ਘਟੋ ਘਟ ਸਾਡੇ ਵਿਚ ਅਜੇ ਵੀ ਉਹ ਪੁਰਸ਼ ਹੈਸਨ ਜਿਨ੍ਹਾਂ ਨੇ ਖਾਲਸਾ ਪੰਥ ਦੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਕਾਇਮ ਰਖਿਆ। ਸਾਡੇ ਵਿਚ ਉਹ ਮਹਾਨ ਪੁਰਸ਼ ਹੈਸਨ ਜੋ ੧੧-੧। ਗੋਲੀਆਂ ਸਰੀਰ ਵਿਚ ਖਾ ਕੇ ਵੀ 'ਵਾਹਿਗੁਰੂ' 'ਵਾਹਿਗੁਰੂ' ਕਹਿੰਦੇ ਸਨ। ਉਹ ਇਉਂ ਹੀ ਗਏ ਜਿਵੇਂ ਕੋਈ ਸੱਚਾ ਸਪੂਤ ਆਪਣੇ ਪਿਤਾ ਦੇ ਸਤਿਕਾਰ ਦੀ ਰਖਿਆ ਲਈ ਜਾਂਦਾ ਹੈ।... ...

''ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਖ਼ਾਲਸਾ ਜੀ ਦੇ ੧੩ ਪਰਵਾਰ ਹਨ ਜਿਨ੍ਹਾਂ ਦੀ ਜ਼ਿਮੇਵਾਰੀ ਸਾਡੇ ਸਿਰ ਹੈ। ਜੇ ਤੁਸੀਂ ਪ੍ਰਤੀਤ ਕਰਦੇ ਹੋ ਕਿ ਉਹ ਤੁਹਾਡੇ ਹੀ ਸਨਬੰਧੀ ਹਨ ਤਾਂ ਉਨ੍ਹਾਂ ਨੂੰ ਵੀ ਅਹਿਸਾਸ ਹੈ ਕਿ ਉਹ ਤੁਹਾਡੇ ਤੇ ਤੁਸੀਂ ਉਨ੍ਹਾਂ ਦੇ ਆਪਣੇ ਹੋ। ਇਸੇ ਕਰਕੇ ਤੁਸਾਂ ਇਕ ਦੀ ਥਾਂ ਤਿੰਨ ਪ੍ਰਤੀਨਿਧ ਉਥੇ ਪੁਜਣ ਲਈ ਨਿਯੁਕਤ ਕੀਤੇ।* ਹੁਣ ਇਹ ਸਾਡੇ ਲਈ ਮਾਣ ਤੇ ਫ਼ਖ਼ਰ ਹੈ ਕਿ ਜਿੰਨਾ ਚਿਰ ਵੀ ਜੀਵੀਏ, ਇਕ ਸਮੱਰਪਤ ਜੀਵਨ ਜੀਵੀਏ। ਇਹ ਇਕ ਕੌਮੀ ਦੁਖਾਂਤ ਹੋਇਆ ਹੈ। ਇਹ ਇਕ ਅਵਸਰ ਹੈ ਕਿ ਅਸੀਂ ਆਪਣੇ ਭਾਰਤ ਵਿਚਲੇ ਭਰਾਵਾਂ ਤੇ ਭੈਣਾਂ ਪ੍ਰਤੀ ਸਿਧ ਕਰ ਦਈਏ ਕਿ ਸੱਚਾਈ ਤੇ ਪਵਿਤਰਤਾ ਦੇ ਮਿਸ਼ਨ ਲਈ ਫ਼ਾਸਲਾ ਜਾਂ ਦੂਰੀ ਦਾ ਕੋਈ ਅਰਥ ਨਹੀਂ। ...

''ਇਨ੍ਹਾਂ ਸ਼ਬਦਾਂ ਨਾਲ ਮੈਂ ਪ੍ਰਤੀਤ ਕਰਾਂਗਾ ਕਿ ਮੇਰੇ ਤੇ ਕਿਰਪਾ ਹੋਈ ਹੈ ਤੇ ਮੈਂ ਗੁਰੂ ਅਗੇ ਅਰਦਾਸ ਕਰਾਂਗਾ ਕਿ ਜੇ ਕਿਸੇ ਦਿਨ ਸਾਨੂੰ ਵੀ ਇਹ ਇਤਿਹਾਸ ਇਥੇ ਦੁਹਰਾਣਾ ਪਵੇ ਤਾਂ ਅਸੀਂ ਵੀ ਇੰਨੇ ਹੀ ਯੋਗ ਸਿਧ ਹੋਈਏ। ਅਸੀਂ ਇਨ੍ਹਾਂ ਮਹਾਨ ਵਿਅੱਕਤੀਆਂ ਦੇ, ਜੋ ਜਾਣਦੇ ਸਨ, ਕਿ ਕਿਵੇਂ ਮਰੀਦਾ ਹੈ ਤੇ ਕਿਵੇਂ ਗੁਰੂ ਤੇ ਖਾਲਸੇ ਦੇ ਨਾਂ ਉਤੇ ਮੌਤ ਸਹੇੜੀਦੀ ਹੈ, ਦੇ ਨਕਸ਼ੇ ਕਦਮ ਉਤੇ ਉਸੇ ਤਰ੍ਹਾਂ ਚਲਾਂਗੇ। ਸੋ ਹੁਣ ਅਸੀਂ ਆਪਣੇ ਬੱਚਿਆਂ ਨੂੰ ਦਸ ਸਕਾਗੇ ਕਿ ਸਿਖ ਇਤਿਹਾਸ ਅਜੇ ਮੁਕਾ ਨਹੀਂ, ਸਗੋਂ ਇਹ ਤਾਂ ਇਤਿਹਾਸ ਦਾ ਇਕ ਨਵਾਂ ਕਾਂਡ ਆਰੰਭ ਹੋਇਆ ਹੈ।... ...

''ਸਾਡੀ ਆਤਮਾ ਇਕ ਹੈ। ਸਾਡਾ ਪਰਮਾਤਮਾ ਇਕ ਹੈ। ਅਸੀਂ ਕੇਵਲ ਰੱਬ ਅਗੇ ਸਿਰ ਨਿਵਾਂਦੇ ਹਾਂ ਤੇ ਤਲਵਾਰ ਦੇ ਨਾਲ ਖਲੋਂਦੇ ਹਾਂ। ਸਾਡੀ ਪ੍ਰਾਰਥਨਾ ਹੈ ਕਿ ਸਾਡੀ ਏਕਤਾ ਅਜ ਮੁੜ ਸੁਰਜੀਤ ਹੋਵੇ।

'ਤੇ ਉਹ ਸਭ ਜਾਣਦੇ ਹਨ ਕਿ ਅਸੀਂ ਆਪਣੇ ਪਿਆਰ ਕਰਕੇ ਖਾਲਸਾ ਹਾਂ।

''ਹਾਂ ਸਭ ਜਾਣਦੇ ਹਨ ਕਿ ਅਸੀਂ ਪਿਆਰ ਕਰਕੇ ਖਾਲਸਾ ਹਾਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਰਾਹੀਂ ਵਾਹਿਗੁਰੂ ਦੇ ਨਾਮ ਦੀ ਚੜ੍ਹਦੀ ਕਲਾ ਹੋਵੇ ਤੇ ਆਤਮਾ ਉਚੀ ਹੋਵੇ ਤੇ ਸਾਰੀ ਮਨੁੱਖਤਾ ਵਾਹਿਗੁਰੂ ਦੀ ਮਿਹਰ ਨਾਲ ਖੁਸ਼ਹਾਲ ਹੋਵੇ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਹ॥''

ਨਿਮਰਤਾ ਨਾਲ ਆਪ ਦਾ

ਸ. ਸ. ਰਾਮਦਾਸ ਕੌਰ ਖ਼ਾਲਸਾ
ਸਕੱਤਰ, ਸਿਖ ਧਰਮਾ ਬ੍ਰਦਰਹੁੱਡ

ਮਿਤੀ ੨੬-੪-੭੮

---

* ਖਾਲਸਾ ਕੌਂਸਲ ਨੇ ਅੰਮ੍ਰਿਤਸਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਦੇ ਸਮੇਂ ਉਤੇ ਪੁਜਣ ਲਈ ਤਿੰਨ ਪ੍ਰਤੀਨਿਧ ਚੁਣੇ ਸਨ।



www.AKJ.Org



ਭਾਈ ਪਿਆਰਾ ਸਿੰਘ, ਭੁੰਗਰਨੀ



ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ



ਭਾਈ ਧਰਮਬੀਰ ਸਿੰਘ ਜੀ, ਅੰਮ੍ਰਿਤਸਰ



ਭਾਈ ਗੁਰਚਰਨ ਸਿੰਘ ਜੀ, ਲੁਧਿਆਣਾ

www.AKJ.org

www.AKJ.Org



ਭਾਈ ਰਘਬੀਰ ਸਿੰਘ ਜੀ, ਭਗੂਪੁਰ



ਭਾਈ ਅਵਤਾਰ ਸਿੰਘ ਜੀ, ਕੁਰਾਲਾ



ਭਾਈ ਹਰਭਜਨ ਸਿੰਘ ਜੀ, ਭੱਟੀਆਂ



ਜੱਥੇਦਾਰ ਰਣਬੀਰ ਸਿੰਘ ਜੀ ਫ਼ੌਜੀ, ਮਹਿਤਾ


'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org

# ਖੂਨੀ ਵਿਸਾਖੀ ਦੇ ਸ਼ਹੀਦ ਯੋਧਿਆਂ ਦੇ ਅੰਤਮ ਦਰਸ਼ਨ



ਭਾਈ ਹਰੀ ਸਿੰਘ ਜੀ, ਅੰਮ੍ਰਿਤਸਰ



ਭਾਈ ਫ਼ੌਜਾ ਸਿੰਘ ਜੀ, ਅੰਮ੍ਰਿਤਸਰ




ਫ਼ੌਜੀ ਰਣਬੀਰ ਸਿੰਘ ਜੀ, ਮਹਿਤਾ



ਭਾਈ ਅਵਤਾਰ ਸਿੰਘ ਜੀ, ਕੁਰਾਲਾ

www.AKJ.Org



ਭਾਈ ਗੁਰਦਿਆਲ ਸਿੰਘ ਜੀ, ਮੋਦੇ



ਬਾਬਾ ਦਰਸ਼ਨ ਸਿੰਘ ਜੀ, ਮਹਿਤਾ



ਭਾਈ ਹਰਭਜਨ ਸਿੰਘ ਜੀ, ਭੱਟੀਆਂ



ਭਾਈ ਗੁਰਚਰਨ ਸਿੰਘ ਜੀ, ਲੁਧਿਆਣਾ

www.AKJ.Org



ਭਾਈ ਪਿਆਰਾ ਸਿੰਘ ਜੀ, ਭੁੰਗਰਨੀ



ਭਾਈ ਰਘਬੀਰ ਸਿੰਘ ਜੀ, ਭਗੂਪੁਰ



ਭਾਈ ਅਮਰੀਕ ਸਿੰਘ ਜੀ, ਖੁਜਾਲਾ



ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ

www.AKJ.Org



ਭਾਈ ਧਰਮਬੀਰ ਸਿੰਘ ਜੀ, ਅੰਮ੍ਰਿਤਸਰ



ਮਾਨਯਵਰ ਬਾਊ ਮਲ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ ਅਰਦਾਸ-ਰੂਪ ਵਿਚ ੯੯ ਸਾਲ ਦੀ ਬਿਰਧ ਅਵਸਥਾ ਵਿਚ ਸ਼ਹੀਦਾਂ ਦੇ ਦਰਸ਼ਨਾਂ ਲਈ ਧਾਅ ਕੇ ਪਜੇ ਹਨ।

www.AKJ.Org